# ਭਾਰਤ ਦੇ ਪਛੜੇ ਵਰਗੋ !

## ਆਪਣੇ ਭਵਿੱਖ ਦੇ ਸਬੰਧ ਵਿਚ ਫਿਰ ਵਿਚਾਰ ਕਰੋ

ਬਾਬਾ ਸਾਹਿਬ ਭੀਮ ਰਾਉ ਅੰਬੇਡਕਰ ਰਾਹੀਂ
ਅਨਮੋਦਿਤ ਦਲਿਤਾਂ ਵਾਸਤੇ ਇਕ ਹੋਰ ਮਾਰਗ

ਨੰਦ ਕਿਸ਼ੋਰ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ।

ਭੇਟਾ ਰਹਿਤ

ਜਿਸ ਤਰ੍ਹਾਂ ਸਾਰੇ ਭਾਰਤ ਵਿਚ ਅਛੂਤਾਂ, ਆਦਵਾਸੀਆਂ ਅਤੇ ਪਛੜੀ ਜਾਤੀਆਂ ਦੇ ਕਮਜ਼ੋਰ ਵਰਗਾਂ ਉਤੇ ਉੱਚ ਵਰਗ ਦੇ ਲੋਕਾਂ ਨੇ ਅਤਿਆਚਾਰ ਅਜ਼ਾਦੀ ਦੇ ੪੦ ਸਾਲ ਬਾਅਦ ਵੀ ਚਾਲੂ ਰੱਖਿਆ ਹੈ ( ਅਤੇ ਹੁਣ ਵੀ ਵਧੇਰੇ ਬੇਈਮਾਨੀ ਅਤੇ ਬੇਰਹਿਮੀ ਨਾਲ ਚਾਲੂ ਹੈ ) ਉਸ ਨਾਲ ਮਨੁੱਖੀ- ਜੀਵਨ ਦੇ ਪ੍ਰਤੀ ਸਹਾਨੁਭੂਤੀ (ਹਮਦਰਦੀ) ਰੱਖਣ ਵਾਲਾ ਹਰ ਇਕ ਵਿਅਕਤੀ ਸੋਚਣ ਤੇ ਮਜ਼ਬੂਰ ਹੋ ਜਾਂਦਾ ਹੈ ਕਿ ਸਾਰੀਆਂ ਉਪਲਬਧੀਆਂ ਦਾ ਡੰਕਾਂ ਵਜਾਂਦੇ ਹੋਏ ਕੀ ਅਸੀਂ ਇਹ ਉਪਲਬਧੀ ਪ੍ਰਾਪਤ ਕੀਤੀ ਹੈ ਕਿ ਅੱਜ ਭਾਰਤ ਵਿਚ ਅਛੂਤਾਂ ਅਤੇ ਆਦਵਾਸੀ ਵਰਗ ਨੂੰ ਇੱਜ਼ਤ ਅਤੇ ਸਵੈ-ਅਭਿਮਾਨ ਪੂਰਨ ਜੀਵਨ ਜੀਉਣ ਦਾ ਕੋਈ ਵੀ ਅਧਿਕਾਰ ਨਹੀਂ ਹੈ। ਅਛੂਤ ਅਤੇ ਕਮਜ਼ੋਰ ਪਛੜੀ ਜਾਤੀਆਂ ਦੇ ਲੋਕ ਕਾਫੀ ਪੜ੍ਹ-ਲਿਖ ਗਏ ਹਨ, ਉਹਨਾਂ ਵਿੱਚ ਕੁਝ ਸੰਪੰਨ ਵੀ ਹਨ ਅਤੇ ਕਿਧਰੇ-ਕਿਧਰੇ ਕੇਂਦਰੀ ਅਤੇ ਰਾਜ ਪ੍ਰਸ਼ਾਸ਼ਨਾਂ ਵਿਚ ਅਧਿਕਾਰੀ ਵੀ ਹਨ। ਪਰ ਇਹ ਸਾਰੇ ਗੁਣ ਨਿਸਫਲ ਹਨ, ਕਿਉਂਕਿ ਇਹ (ਸਭ ਕੁਝ ਹੁੰਦੇ ਹੋਏ ਵੀ ਅਛੂਤ ਅਤੇ ਸ਼ੂਦਰ ਹੀ ਹਨ) ਉਹਨਾਂ ਵੱਲ ਉੱਚ ਵਰਗ ਦੇ ਲੋਕਾਂ ਦੇ ਮਨਾਂ ਵਿੱਚ ਹੀਨ ਅਤੇ ਨਫਰਤ ਭਰਪੂਰ ਭਾਵਨਾ ਦੇ ਇਲਾਵਾ ਕੁਝ ਵੀ ਨਹੀਂ ਹੈ।

ਬਾਬਾ ਸਾਹਿਬ ਭੀਮ ਰਾਉ ਅੰਬੇਦਕਰ ਜੀ ਨੇ ਇਸ ਨਾ ਹਟਣ ਵਾਲੀ ਪੀੜ ਨਾਲ ਦੁਖੀ ਹੋ ਕੇ ਅਛੂਤਾਂ ਨੂੰ ਧਰਮ ਪਰੀਵਰਤਨ ਦੀ ਸਲਾਹ ਦਿੱਤੀ ਸੀ। ਉਹਨਾਂ ਨੇ ਕਦੀ ਕਿਹਾ ਸੀ **"ਜਿਸ ਧਰਤੀ ਵਿੱਚ ਬਰਾਬਰੀ ਦਾ ਵਿਵਹਾਰ ਨਹੀਂ ਮਿਲਦਾ ਉਹ ਧਰਮ ਨਹੀਂ, ਅਧਰਮ ਹੈ। ਉਹ ਧਰਮ ਜੋ ਮਨੁੱਖ ਦੇ ਆਤਮ ਸਮਾਨ ਦੀ ਮਾਨਤਾ ਨੂੰ ਪਾਪ ਸਮਝਦਾ ਹੈ, ਉਹ ਧਰਮ ਨਹੀਂ, ਬਿਮਾਰੀ ਹੈ। ਉਹ ਧਰਮ ਪਸ਼ੂ ਨੂੰ ਸਪਰਸ਼ ਕਰਨ ਦੀ ਆਗਿਆ ਦੇਂਦਾ ਹੈ, ਕਿੰਤੂ ਮਨੁੱਖ ਨੂੰ ਅਛੂਤ ਸਮਝਦਾ ਹੈ। ਉਹ ਧਰਮ ਨਹੀਂ** ਪਾਗਲਪਨ ਹੈ। ਉਹ ਧਰਮ ਜੋ ਕਹਿੰਦਾ ਹੈ ਕਿ ਇਕ ਵਰਗ ਗਿਆਨ ਨਹੀਂ ਪ੍ਰਾਪਤ ਕਰ ਸਕਦਾ, ਧਨ ਨਹੀਂ ਇੱਕਤਰ ਕਰ ਸਕਦਾ, ਹਥਿਆਰ ਨਹੀਂ ਉਠਾ ਸਕਦਾ, ਆਪ ਦੇ ਸਵੈਮਾਨ ਦੀ ਆਪਣੇ ਆਸਰਿਤਾਂ ਦੀ ਰਾਖੀ ਨਹੀਂ ਕਰ ਸਕਦਾ, ਉਹ ਧਰਮ ਨਹੀਂ ਮਾਨਵ ਜੀਵਨ ਦਾ ਉਗਮ ਹੈ (ਵਰਤ ਉਹ ਧਰਮ ਜੋ ਸ਼ਿਖਸ਼ਾ ਦਿੰਦਾ ਹੈ ਕਿ ਅਗਿਆਨੀ ਨੂੰ ਅਗਿਆਨੀ ਰਹਿਣਾ ਚਾਹੀਦਾ ਹੈ, ਨਿਰਧਨ ਨੂੰ ਨਿਰਧਨ ਹੀ ਰਹਿਣਾ ਚਾਹੀਦਾ ਹੈ, ਉਹ ਧਰਮ ਨਹੀਂ ਸਜ਼ਾ ਹੈ।"

ਸੰਨ ੧੯੩੬ ਵਿਚ ਬਾਬਾ ਸਾਹਿਬ ਭੀਮ ਰਾਉ ਅੰਬੇਦਕਰ ਨੇ ਕਿਹਾ ਸੀ ਕਿ ਉਹਨਾਂ

ਲਈ ਧਰਮ ਪਰੀਵਰਤਨ ਦੇ ਦੋ ਰਸਤੇ ਖੁਲ੍ਹੇ ਹਨ, ਬੋਧੀ ਬਨਣਾ ਜਾ ਸਿੱਖ ਬਨਣਾ। ਬਾਬਾ ਸਾਹਿਬ ਪੱਕੇ ਰਾਸ਼ਟਰੀ ਭਗਤ ਸਨ, ਤਥਾ ਭਾਰਤੀ ਸੰਸਕ੍ਰਿਤੀ (ਹਿੰਦੂ ਸੰਸਕ੍ਰਿਤੀ ਦੇ ਨਹੀਂ) ਦੇ ਪਰਮ ਉਪਾਸ਼ਕ ਸਨ। ਇਸ ਲਈ ਉਹਨਾਂ ਨੇ ਸਮਾਜਿਕ ਸਮਾਨਤਾ ਦੇ ਪੱਖ ਵਿੱਚ ਦੋ ਧਰਮਾਂ, ਬੁੱਧ ਧਰਮ ਤੇ ਸਿੱਖ ਧਰਮ ਨੂੰ ਧਾਰਨਯੋਗ ਧਰਮ ਮੰਨਿਆ ਸੀ। ਇਸ ਸੰਬੰਧ ਵਿੱਚ ਕੁਝ ਪ੍ਰਯੋਗ ਵੀ ਹੋਏ ਸਨ। ਬਾਬਾ ਸਾਹਿਬ ਦੀ ਪ੍ਰੇਰਨਾ ਨਾਲ ਸੈਂਕੜੇ ਲੋਕ ਸਿੱਖ ਬਣੇ ਸਨ। ਕੁਝ ਨੌਜਵਾਨ ਅੰਮ੍ਰਿਤਸਰ ਦੇ ਖਾਲਸਾ ਕਾਲਜ ਵਿੱਚ ਦਾਖਲ ਵੀ ਹੋਏ ਸਨ,ਪਰ ਉਸ ਸਮੇਂ ਮਹਾਤਮਾ ਗਾਂਧੀ ਭਾਰਤ ਦੀ ਰਾਜਨੀਤੀ ਦੇ ਸਿਖਰ ਉੱਤੇ ਸੀ ਉਹ ਬਣੀਆ ਪੁੱਤਰ ਮਨੋ ਸੜ-ਬਲ ਕੇ ਕੁਰਲਾੱ ਉਠਿਆ, ਜੇ ਇਹ ਸਿੱਖ ਸਜ ਗਏ, ਵੋਟ ਬੈਂਕ ਦਿਵਾਲੀਆ ਹੋ ਜਾਵੇ ਗਾ ਬਣੀਆ ਕੌਮ ਸਮਗਲਿੰਗ, ਮਿਲਾਵਟ, ਬਲੈਕ ਮਾਰਕਿਟ, ਧੋਖਾ ਦੇਹੀ, ਲੁਟ ਖਸੁਟ, ਹੇਰਾ-ਫੇਰੀ, ਠੱਗੀ-ਠੋਰੀ ਕਿਵੇਂ ਕਰ ਸਕੇਗੀ, ਬੇਈਮਾਨੀ ਅਤੇ ਅਕ੍ਰਿਤਘਣਤਾ ਲਈ ਕੋਈ ਥਾਂ ਨਹੀਂ ਰਹੇਗੀ, ਕਮੀਨਾਪੁਣਾ ਮੁੱਕ ਹੀ ਜਾਏਗਾ ਇਤ- ਆਦਿਕ ਵਿਚਾਰ ਪਹਾੜ ਬਣ ਕੇ ਸਾਹਮਣੇ ਆ ਗਏ। ਉਹ ਨਹੀਂ ਸੀ ਚਾਹੁੰਦੇ ਕਿ ਕਰੋੜਾਂ ਦੀ ਸੰਖਿਆ ਵਿੱਚ ਅਛੂਤ ਅਤੇ ਸਮਾਜ ਵਿੱਚ ਛੋਟੇ ਸਮਝੇ ਜਾਣ ਵਾਲੇ ਕਮਜ਼ੋਰ ਵਰਗ ਦੇ ਲੋਕ ਸਿੱਖ ਬਣ ਜਾਣ। ਇਸ ਲਈ ਉਹਨਾਂ ਨੇ ਉਸ ਵਕਤ ਦੇ ਸਿੱਖ ਨੇਤਾਵਾਂ ਨੂੰ ਜੋ ਅੰਗਰੇਜ਼ ਦੇ ਖਿਲਾਫ ਸਵਤ੍ਰੰਤਾ ਅੰਦੋਲਨ ਦੇ ਆਗੂ ਸਨ, ਸਮਝਾ - ਬੁਝਾਅ ਕੇ ਰਾਜ਼ੀ ਕਰ ਲਿਆ ਸੀ, ਕਿ ਸਿੱਖ ਧਰਮ ਦਾ ਪ੍ਰਚਾਰ ਤੇਜੀ ਨਾਲ ਪੰਜਾਬ ਤੋਂ ਬਾਹਰ ਨਾ ਕੀਤਾ ਜਾਵੇ। ਉਹਨਾਂ ਨੂੰ ਇਹ ਵੀ ਡਰ ਸੀ ਕਿ ਕਰੋੜਾਂ ਦੀ ਸੰਖਿਆ ਵਿੱਚ ਅਗਰ ਅਛੂਤ, ਆਦਿਵਾਸੀ ਅਤੇ ਪਛੜੀ ਜਾਤੀ ਦੇ ਕਮਜ਼ੋਰ ਵਰਗ ਸਿੱਖ ਬਣ ਗਏ ਤਾਂ ਸਵਤੰਤ੍ਰਤਾ ਅੰਦੋਲਨ ਦੇ ਮੋਹਰੀ ਹੀ ਅੱਗੇ ਆ ਜਾਣਗੇ, ਅਸੀਂ ਕੁਰਸੀ ਕਿਵੇਂ ਕਾਇਮ ਰੱਖ ਸਕਾਂਗੇ। ਪਿੰਡ-ਪਿੰਡ ਵਿੱਚ ਸਮਾਜਕ ਸਮਾਨਤਾ ਦਾ ਸੰਘਰਸ਼ ਤੀਬਰ ਹੋ ਜਾਏਗਾ, ਮਹਾਤਮਾ ਗਾਂਧੀ ਇਹ ਸੋਚ ਕੇ ਕੰਬ ਉਠੇ ਸਨ, ਉਹ ਜਾਣਦੇ ਸਨ ਕਿ ਸਿੱਖ ਧਰਮ ਅਛੂਤਾਂ, ਆਦਿ ਵਾਸੀਆਂ ਅਤੇ ਪਛੜੀ ਜਾਤੀਆਂ ਦੇ ਕਮਜੋਰ ਵਰਗਾਂ ਵਿੱਚ ਆਤਮ ਸਵੈਮਾਨ ਦੀ ਭਾਵਨਾ ਭਰਨ ਦੇ ਨਾਲ ਉਹਨਾਂ ਨੂੰ ਸ਼ਸਤ੍ਰਬੰਦ ਵੀ ਕਰ ਦੇਵੇਗਾ (ਹਥਿਆਰਬੰਦ ਵੀ ਕਰ ਦੇਵੇਗਾ)। ਇਹ ਇਕ ਸਰਵ ਸਰੇਸ਼ਟ ਸਚਾਈ ਹੈ ਕਿ ਜੋ ਸਿੱਖ ਧਰਮ ਦਾ ਅਨੁਯਾਈ ਬਣਦਾ ਹੈ ਉਹ ਪੰਜ ਕਕਾਰ ਧਾਰਨ ਕਰਦਾ ਹੈ। ਇਹ ਪੰਜ ਕਕਾਰ ਹਨ: ਕੱਛਾ, ਕੜਾ, ਕੰਘਾ, ਕੇਸ ਅਤੇ ਕ੍ਰਿਪਾਨ। ਸਾਨੂੰ ਸਿੱਖ ਬਨਣ ਤੋਂ ਰੋਕਣ ਲਈ.ਉਸ

ਨੇ ਮਰਣ-ਵਰਤ ਰੱਖ ਲਿਆ।

ਇਸ 'ਤੇ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਹਾਤਮਾ ਗਾਂਧੀ ਦਾ ਸੋਚਣਾ ਗਲਤ ਨਹੀਂ ਸੀ। ਜੋ ਵਿਅਕਤੀ ਸ਼ਸਤਰ ਧਾਰਨੀ ਹੁੰਦਾ ਹੈ, ਉਹ ਆਪਣੇ ਅਧਿਕਾਰਾਂ ਲਈ ਕੇਵਲ ਸਤਿਆਗ੍ਰਹਿ ਅਤੇ ਜ਼ਬਾਨੀ ਸੰਘਰਸ਼ ਨਹੀਂ ਕਰਦਾ, ਬਲਕਿ ਸਤਿ ਨੂੰ ਗ੍ਰਹਿਨ ਕਰਦਾ ਹੈ ਸਤ ਦੇ ਮਾਰਗ 'ਤੇ ਚਲਦਾ ਹੈ, ਹੋਰਾਂ ਨੂੰ ਚਲਣ ਦੀ ਪ੍ਰੇਰਨਾ ਕਰਦਾ ਹੈ, ਜੇ ਸਾਰੇ ਸ਼ਾਂਤਮਈ ਦੇ ਸਾਰੇ ਸਾਧਨ ਮੁੱਕ ਜਾਣ ਤਦ ਆਪਣੇ ਕੋਲ ਰੱਖੇ ਹੋਏ ਹਥਿਆਰਾਂ ਦਾ ਵੀ ਸਵੈ-ਧਰਮ ਦੀ ਰੱਖਿਆ ਲਈ ਉਹਨਾਂ ਦਾ ਮੁਨਾਸਬ ਪ੍ਰਯੋਗ ਕਰਦਾ ਹੈ। ਅਗਰ ਇਕ ਵਿਅਕਤੀ ਅੱਜ ਕ੍ਰਿਪਾਨ ਧਾਰਨ ਕਰ ਸਕਦਾ ਹੈ, ਤਾਂ ਕਲ੍ਹ ਉਹ ਬੰਦੂਕ ਵੀ ਪਕੜ ਲਵੇਗਾ। ਇਹਨਾਂ ਸਾਰੀਆਂ ਪ੍ਰਸਥਿੱਤੀਆਂ ਦਾ ਅਨੁਮਾਨ ਲਗਾ ਕੇ ਮਹਾਤਮਾ ਗਾਂਧੀ ਨੇ ਅਛੂਤਾਂ, ਆਦਿਵਾਸੀਆਂ ਅਤੇ ਪਛੜੀਆਂ ਜਾਤੀਆਂ ਦੇ ਕਮਜ਼ੋਰ ਵਰਗਾਂ ਨੂੰ ਸਿੱਖ ਬਣਨ ਦੀ ਦਿਸ਼ਾ ਵਲ ਨਹੀਂ ਸੀ ਜਾਣ ਦਿੱਤਾ। ਇਸ ਸੱਚ ਦੇ ਪਰਸਾਰ ਨੂੰ ਰੋਕਣ ਲਈ ਉਸ ਮਰਨ ਵਰਤ ਰੱਖ ਲਿਆ, ਜਿਸ ਕਾਰਨ ਬਾਬਾ ਸਾਹਿਬ ਨੂੰ ਆਪਣਾ ਵਿਚਾਰ ਬਦਲਣਾ ਪਿਆ।

ਲੇਕਿਨ ਅਜ਼ਾਦੀ ਦੇ ਚਾਲੀ ਸਾਲ ਤੋਂ ਜ਼ਿਆਦਾ ਬੀਤ ਜਾਣ 'ਤੇ ਭੀ ਸੰਵਿਧਾਨ ਵਿਚ ਅਛੂਤਪੁਣੇ ਨੂੰ ਗੈਰ ਕਾਨੂੰਨੀ ਕਰਾਰ ਦੇਂਦੇ ਹੋਇਆਂ, ਸਾਰਿਆਂ ਨੂੰ ਬਰਾਬਰ ਦਾ ਅਧਿਕਾਰ ਸਰਕਾਰੀ ਨੌਕਰੀਆਂ ਅਤੇ ਸਿਖਿਆ ਸੰਸਥਾਵਾਂ ਵਿਚ ਰਾਖਵੀਆਂ ਸੀਟਾਂ ਦੇ ਬਾਵਜੂਦ ਵੀ ਹਾਲੇ ਤਕ ਹਾਲਾਤ ਜਿਉਂ ਦੇ ਤਿਉਂ ਹੀ ਹਨ। ਲੱਗਦਾ ਹੈ ਕਿ ਸਮਾਜਿਕ ਸਮਾਨਤਾ ਦਾ ਸੁਪਨਾ ਹਾਲੇ ਬਹੁਤ ਦੂਰ ਹੈ। ਅਛੂਤਾਂ ਆਦਿ ਵਾਸੀਆਂ ਅਤੇ ਪਛੜੀਆਂ ਜਾਤੀਆਂ ਦੇ ਕਮਜ਼ੋਰ ਵਰਗ ਦੇ ਪ੍ਰਤੀ ਉੱਚੇ ਵਰਗਾਂ ਦਾ ਦ੍ਰਿਸ਼ਟੀਕੋਣ ਹਾਲੇ ਨਹੀਂ ਬਦਲਿਆ। ਇਸ ਸਚਾਈ ਨੇ ਸਾਨੂੰ ਇਹ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ ਕਿ ਭਵਿੱਖ ਵਿੱਚ ਐਸਾ ਰਸਤਾ ਅਪਣਾਇਆ ਜਾਏ ਜੋ ਅਛੂਤਾਂ, ਆਦੀ ਵਾਸੀਆਂ ਅਤੇ ਪਛੜੀਆਂ ਜਾਤੀਆਂ ਵਿੱਚ ਮਰਦਾਨਗੀ, ਸਾਹਸ, ਸਵੈ-ਅਭਿਮਾਨ ਅਤੇ ਸਮਾਜਿਕ ਸਮਾਨਤਾ ਦੇ ਲਈ ਸੰਘਰਸ਼ ਦੀ ਜ਼ਰੂਰਤ ਪੈਦਾ ਕਰ ਸਕੀਏ।

ਬਾਬਾ ਸਾਹਿਬ ਅੰਬੇਦਕਰ ਭਾਵੇਂ ਮਹਾਤਮਾ ਗਾਂਧੀ ਦੇ ਇਸ ਪਖੰਡ ਅਤੇ ਡਰਾਮੇ ਦੇ ਭਾਵ ਤੋਂ ਪੂਰੀ ਤਰ੍ਹਾਂ ਜਾਣੂ ਸਨ ਤਦ ਵੀ ਉਹਨਾਂ ਨੇ ਸੰਨ ੧੯੫੬ ਵਿਚ ਸਿੱਖ ਧਰਮ ਦੀ ਥਾਂ ਬੁੱਧ ਧਰਮ ਗ੍ਰਹਿਣ ਕਰਨ ਦੀ ਘੋਸ਼ਨਾ ਕੀਤੀ ਸੀ। ਇਹ ਨਹੀਂ ਭੁੱਲਣਾ ਚਾਹੀਦਾ ਕਿ

ਬਾਬਾ ਸਾਹਿਬ-ਅੰਬੇਦਕਰ ਵਿਸ਼ਵ ਦੇ ਸੱਤ ਅੱਠ ਵਿਦਵਾਨਾਂ ਵਿਚੋਂ ਇਕ ਸਨ ਅਤੇ ਇਹ ਹੀ ਕਾਰਨ ਸੀ ਕਿ ਸਿੱਖੀ ਤੋਂ ਉਤਰ ਕੇ ਉਹਨਾਂ ਨੂੰ ਬੁੱਧ ਧਰਮ ਉਚਿਤ ਲੱਗਿਆਂ ਇਸ ਲਈ ਉਹਨਾਂ ਦੇ ਨਾਲ ਲੱਖਾਂ ਹੀ ਲੋਕ ਬੁੱਧ ਧਰਮ ਦੇ ਅਨੁਆਈ ਹੋ ਗਏ ਪਰ ਇਸ ਸਚਾਈ ਨੂੰ ਵੀ ਨਹੀਂ ਭੁੱਲਣਾ ਚਾਹੀਦਾ ਕਿ ਬੁੱਧ ਧਰਮ ਧਾਰਨ ਕਰਕੇ ਭੀ ਉਹਨਾਂ ਦੀ ਸਮਾਜਿਕ ਹੈਸੀਅਤ ਵਿਚ ਕੋਈ ਸੁਧਾਰ ਨਹੀਂ ਸੀ ਹੋਇਆਂ ਉਚੇ ਵਰਨਾਂ ਦੇ ਅਤੇਂ ਉਚੇ ਵਰਗਾਂ ਦੇ ਲੋਕ ਜਿਸ ਤਰ੍ਹਾਂ ਉਹਨਾਂ ਦਾ ਅਪਮਾਨ ਬੁੱਧ ਧਰਮ ਧਾਰਨ ਕਰਨ ਤੋਂ ਪਹਿਲਾਂ ਕਰਦੇ ਸਨ, ਉਸੇ ਤਰ੍ਹਾਂ ਹੀ ਉਹ ਅਛੂਤਾਂ ਨੂੰ ਬੁੱਧ ਧਰਮ ਗ੍ਰਹਿਣ ਕਰਨ ਦੇ ਬਾਅਦ ਵੀ ਅਛੂਤ ਹੀ ਸਮਝਦੇ ਚਲੇ ਆ ਰਹੇ ਹਨ।

ਉੱਚੇ ਵਰਨਾਂ ਤੋਂ ਉਚੇ ਵਰਗਾਂ ਦੇ ਅਨਸਰਾਂ ਵਿਚ, ਅਛੂਤ ਅਤੇ ਪਛੜੀਆਂ ਜਾਤੀਆਂ ਦੇ ਕਮਜ਼ੋਰ ਵਰਗ ਦੇ ਲੋਕ, ਭਾਵੇਂ ਬੁੱਧ ਧਰਮ ਦੇ ਮੰਨਣ ਵਾਲੇ ਬਣ ਜਾਣ, ਇਹ ਅਛੂਤ ਅਤੇ ਸ਼ੂਦਰਾਂ ਤੋਂ ਇਲਾਵਾਂ ਹੋਰ ਕੁਝ ਵੀ ਨਹੀਂ ਹਨ।

ਬੁੱਧ ਧਰਮ ਗ੍ਰਹਿਣ ਕਰਨ 'ਤੇ ਅਛੂਤਾਂ ਦਾ ਪੜ੍ਹਿਆ ਲਿਖਿਆ ਅਤੇ ਸਮਪਨ ਸਮੁਦਾਇ (ਖਾਂਦੇ ਪੀਦੇ ਤਵੀਨਾਦਾਏ) ਹਿੰਦੂਆਂ ਤੋਂ ਵੱਖਰਾ ਹੋਣ ਦਾ ਮਾਨਸਿਕ ਸੰਤੋਸ਼ ਭਾਵੇਂ ਕਰ ਲਵੇ, ਪਰ ਉਸ ਵਿਚ ਸੰਘਰਸ਼ ਦੀ ਤਾਕਤ ਐਨੀ ਨਹੀਂ ਵਧੀ ਕਿ ਉਹ ਆਪਣੇ ਅਧਿਕਾਰਾਂ ਨੂੰ ਆਪਣੇ ਬਲ ਨਾਲ ਪ੍ਰਾਪਤ ਕਰ ਸਕੇ।

ਅਛੂਤਾਂ, ਆਦਿ ਵਾਸੀਆਂ ਅਤੇ ਪਛੜੀਆਂ ਜਾਤੀਆਂ ਦੇ ਕਮਜ਼ੋਰ ਵਰਗਾਂ ਨੂੰ ਮੇਰਾ ਨਿਵੇਦਨ ਹੈ ਕਿ ਇਹ ਆਪਣੇ ਭਵਿੱਖ ਦੇ ਸਬੰਧ ਬਾਰੇ ਫਿਰ ਵਿਚਾਰ ਕਰਨ ਅਤੇ ਐਸਾ ਰਸਤਾ ਅਪਨਾਉਣ ਜੋ ਉਹ ਆਪਣੇ ਵਿਚ ਸਵੈ-ਅਭਿਮਾਨ ਦੇ ਨਾਲ ਨਾਲ ਸਮਾਜਿਕ ਸਮਾਨਤਾ ਦੇ ਲਈ ਕਠੋਰ ਸੰਘਰਸ਼ ਦੀ ਲੋੜ ਪੈਦਾ ਕਰ ਸਕਣ। ਇਸ ਲਈ ਮੇਰੀ ਬੇਨਤੀ ਹੈ ਕਿ ਸਾਰੇ ਭਾਰਤ ਦੇ ਅਛੂਤਾਂ, ਆਦਿ ਵਾਸੀਆਂ ਅਤੇ ਪਛੜੀਆਂ ਜਾਤੀਆਂ ਦੇ ਕਮਜ਼ੋਰ ਵਰਗਾਂ ਨੂੰ ਸਿੱਖ ਧਰਮ ਦਾ ਮੰਨਣ ਵਾਲਾ ਬਣ ਜਾਣਾ ਚਾਹੀਦਾ ਹੈ।

ਸਿੱਖ ਧਰਮ ਹੀ ਐਸਾ ਧਰਮ ਹੈ ਜੋ ਸਾਰੇ ਅਛੂਤਾਂ, ਆਦਿ ਵਾਸੀਆਂ ਅਤੇ ਪਛੜੀਆਂ ਜਾਤੀਆਂ ਦੇ ਕਮਜ਼ੋਰ ਵਰਗਾਂ ਨੂੰ ਸਮਾਜਕ ਸਮਾਨਤਾ ਦੇ ਆਧਾਰ ਇਕ ਸੂਤਰ ਵਿਚ ਬੰਨ੍ਹ ਕੇ ਉਹਨਾਂ ਨੂੰ ਦੇਸ਼ ਵਿਚ ਇਕ ਐਸੀ ਸ਼ਕਤੀ ਦੇ ਰੂਪ ਵਿਚ ਉਭਾਰ ਸਕਦਾ ਹੈ, ਜਿਸ ਦਾ ਮੁਕਾਬਲਾ ਭਾਰਤ ਦੀ ਕੋਈ ਤਾਕਤ ਨਹੀਂ ਕਰ ਸਕਦੀ। ਸਾਰੇ ਭਾਰਤ ਵਿਚ ਪਛੜੀਆਂ ਜਾਤੀਆਂ, ਅਛੂਤਾਂ ਅਤੇ ਆਦਿ ਵਾਸੀਆਂ ਦੀ ਆਬਾਦੀ ਲਗਭਗ ੯੦ ਕਰੋੜ

ਹੈ। ਇਹਨਾਂ ਵਿਚੋਂ ਅਗਰ ਇਕ ਚੌਥਾਈ, ਅਰਥਾਤ ਦੇਸ਼ ਭਰ ਵਿਚੋਂ ੧੫ ਕਰੋੜ ਵੀ ਸਿੱਖ ਹੁੰਦੇ ਤਾਂ ਆਗਰਾ, ਕੁਮਹੇਰ, ਹੰਦੂਰ ਅਤੇ ਹੋਰ ਅਸਥਾਨਾਂ ਵਿਚ ਕਮਜ਼ੋਰ ਵਰਗਾਂ ਦੇ ਨਾਲ ਜੋ ਅਨਿਆਏ ਅਤੇ ਅਤਿਆਚਾਰ ਹੋਇਆ ਹੈ ਉਹ ਨਾ ਹੁੰਦਾ, ਕਿਉਂਕਿ ਉਹਨਾਂ ਦੇ ਪਿਛੇ ੧੫ ਕਰੋੜ ਸ਼ਸਤਰਧਾਰੀ ਸਿੱਖਾਂ ਦੀ ਤਾਕਤ ਹੁੰਦੀ। ਕਿਸ ਦੀ ਹਿੰਮਤ ਹੁੰਦੀ ਜੋ ਉਹਨਾਂ ਨੂੰ ਸੂਦਰ, ਅਛੂਤ ਅਤੇ ਛੋਟੀ ਜਾਤੀ ਵਾਲਾ ਕਹਿ ਕੇ ਅਪਮਾਨਤ ਕਰਦਾ !

ਸਾਰੇ ਭਾਰਤ ਵਿੱਚ ਸਿੱਖਾਂ ਦੀ ਅਬਾਦੀ ਦੋ ਕਰੋੜ ਤੋਂ ਵੀ ਘੱਟ ਹੈ ਲੇਕਿਨ ਉਹਨਾਂ ਆਪਣੀ (ਤਾਕਤ ਤੇ) ਲਗਨ ਦੇ ਬਲੱ ਉੱਤੇ ਭਾਰਤ ਸਰਕਾਰ ਦੀ ਨੱਕ ਵਿਚ ਨਕੇਲ ਪਾਕੇ ਰੱਖੀ ਹੋਈ ਹੈ। ਅਗਰ ਇਹ ਤਾਕਤ ਪੰਜਾਬ ਤੋਂ ਬਾਹਰ ਦੇਸ਼ ਦੇ ਹੋਰ ਹਿਸਿਆਂ ਵਿਚ ਵੀ ਹੁੰਦੀ ਤਾਂ ਕਿਸ ਦੀ ਹਿੰਮਤ ਹੁੰਦੀ ਜੋ ਅਛੂਤਾਂ ਪਛੜੀਆਂ ਜਾਤੀਆਂ ਅਤੇ ਆਦੀ ਵਾਸੀਆਂ ਵਿਚੋਂ ਸਿੱਖੀ ਦੀ ਹੋਂਦ ਵਿਚ ਆਏ ਸਿੱਖਾਂ ਨੂੰ ਛੋਟਾ ਸਮਝ ਕੇ ਉਹਨਾਂ ਦੀ ਬੇਇਜ਼ਤੀ ਕਰਦਾ ! ਇਹ ਠੀਕ ਹੈ ਕਿ ਇਸ ਸਮੇਂ ਸਿੱਖ ਲੀਡਰਸ਼ਿਪ ਵਿਚ ਪੂਰਾ ਇਤਫਾਕ ਨਹੀਂ ਹੈ ਪਰ ਇਹ ਆਰਜ਼ੀ ਅਵਸਥਾ ਹੈ। ਸਿੱਖ, ਸਿੱਖ ਹੀ ਹੈ। ਸ਼ੇਰ ਜੇ ਕਦੇ ਪਿੰਜਰੇ ਵਿਚ ਹੈ ਤਾਂ ਸ਼ੇਰ ਹੀ ਹੈ।

ਕਮ-ਸੇ-ਕਮ ੪੦ ਸਾਲਾਂ ਤੋਂ ਜ਼ਿਆਦਾ ਦੇ ਅਨੁਭਵ ਨੇ ਸਿਖਾ ਦਿੱਤਾ ਹੈ ਕਿ ਹਿੰਦੀ ਭਾਸ਼ੀ ਇਲਾਕੇ ਵਿਚ ਜਿਥੇਂ ਉੱਚੇ ਵਰਗਾਂ ਅਤੇਂ ਉੱਚੇ ਵਰਗਾਂ ਰਾਹੀਂ ਸਭ ਤੋਂ ਅਧਿਕ ਦੁਰ-ਵਿਵਹਾਰ ਅਤੇ ਅਤਿਆਚਾਰ ਹੁੰਦੇ ਹਨ, ਉਥੇ ਸਿਰਫ ਸਦਭਾਵਨਾ ਅਤੇ ਸਮਾਜਕ ਸਮਾਨਤਾ ਦੇ ਉਪਦੇਸ਼ਾਂ ਨਾਲ ਹੀ ਕੰਮ ਚੱਲਣ ਵਾਲਾ ਨਹੀਂ ਹੈ। ਧਰਮ ਤੇ ਜਾਤੀ ਦੇ ਨਾਮ ਉੱਤੇ ਹੋਣ ਵਾਲੇ ਅਤਿਆਚਾਰ ਅਤੇ ਅਨਾਚਾਰਾਂ ਦੇ ਨਾਲ ਨਿਬੜਨ ਲਈ ਭਾਰਤੀ ਸੰਸਕ੍ਰਿਤੀ ਦੇ ਵਿਧਾਨ ਵਿਚ ਰਹਿੰਦੇ ਹੋਏ ਸਿੱਖ ਧਰਮ ਦਾ ਗ੍ਰਹਿਣ ਕਰਨਾ ਅਧਿਕ (ਬੇਹਤਰ) ਪ੍ਰਤੀਤ ਹੁੰਦਾ ਹੈ। ਅਗਰ ਬਾਬਾ ਸਾਹਿਬ ਅੰਬੇਦਕਰ ਜੀਵਤ ਹੁੰਦੇ ਜਾਂ ਮਹਾਤਮਾ ਗਾਂਧੀ ਨੂੰ ਸਿੱਖ ਧਰਮ ਨਾਲ ਨਫਰਤ ਜਾਂ ਬਾਣੀਆਂ ਜਾਤੀ ਦਾ ਲਾਲਚੀ ਹੇਜ ਨਾ ਹੁੰਦਾ ਤਾਂ ਉਹ ਇਹ ਸਲਾਹ ਅਵੱਸ਼ ਦਿੰਦੇ ਕਿ ਸਿੱਖ ਧਰਮ ਗ੍ਰਹਿਣ ਕਰਕੇ ਅਛੂਤਾਂ ਆਦਿ ਵਾਸੀਆਂ ਅਤੇ ਪਛੜੀਆਂ ਜਾਤੀਆਂ ਦੇ ਕਮਜ਼ੋਰ ਵਰਗਾਂ ਨੂੰ ਇਕ ਹੋ ਕਰ ਆਪਸ ਵਿਚ (ਮੇਲ-ਜੋਲ) ਕਰਕੇ ਇਕ ਸੂਤਰ ਵਿਚ ਯਾਨੀ ਸਿੱਖੀ ਦੇ ਰੂਪ ਵਿਚ ਇਕੱਠਿਆਂ ਹੋਣਾ ਚਾਹੀਦਾ ਹੈ।

ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼, ਰਾਜਿਸਥਾਨ, ਹਰਿਆਣਾ, ਹਿਮਾਚਲ ਪ੍ਰਦੇਸ਼, ਵਿਸ਼ਾਲ ਹਿੰਦੀ ਭਾਸ਼ੀ ਇਲਾਕਿਆਂ ਵਿਚ ਭੈੜਾ ਵਰਤਾਉ ਤੇ ਅਤਿਆਚਾਰ ਦੇ ਨਾਲ

ਨਿਬੜਨ ਲਈ ਸਿੱਖ ਬਣਨ ਤੋਂ ਇਲਾਵਾ ਹੋਰ ਕੋਈ ਰਸਤਾ ਬਾਕੀ ਨਹੀਂ ਰਹਿ ਗਿਆ ਹੈ। ਅਗਰ ਕਰੋੜਾਂ ਦੀ ਤਾਦਾਦ ਵਿਚ ਹਿੰਦੀ ਇਲਾਕਿਆਂ ਵਿਚ ਅਛੂਤ, ਆਦ ਵਾਸੀ ਅਤੇ ਪਛੜੀਆਂ ਜਾਤੀਆਂ ਦੇ ਕਮਜ਼ੋਰ ਵਰਗਾਂ ਦੇ ਲੋਕ ਸਿੱਖ ਬਣਦੇ ਹਨ ਤਾਂ ਸਿੱਖ ਬਣਨ ਤੋਂ ਪਿਛੋ ਕਰੋੜਾਂ ਦੀ ਸੰਖਿਆ ਵਿਚ ਉਹ ਸਿੱਖ ਸਮਝੇ ਜਾਂਦੇ ਹਨ ਤਾਂ ਉਹਨਾਂ ਦੀ ਗਿਣਤੀ ਅਛੂਤਾਂ, ਆਦਿ ਵਾਸੀਆਂ ਅਤੇ ਪਛੜੀਆਂ ਜਾਤੀਆਂ ਦੇ ਕਮਜ਼ੋਰ ਵਰਗਾਂ ਵਿਚ ਨਹੀਂ ਕੀਤੀ ਜਾਏਗੀ। ਉਹਨਾਂ ਦਾ ਸਿੱਖ ਬਣਨਾ ਇਕ ਸੁਮਦਾਏ ਹੋਵੇਗਾ, ਨਾ ਕਿ ਵੱਖਰੀ-ਵੱਖਰੀ ਜਾਤੀਆਂ ਦਾ, ਇਕ ਸਮੂਹ। ਸਿੱਖ ਬਨਣ'ਤੇ ਹੀ, ਸਿੱਖ ਸਮੁਦਾਏ ਦੀ ਘੋਸ਼ਨਾ ਹੋਣ'ਤੇ ਹੀ ਉਹਨਾਂ ਦੀ ਸਮੂਹਿਕ ਸ਼ਕਤੀ ਹੀ ਉਹਨਾਂ ਦੀ ਸਮਾਜਿਕ ਸਮਾਨਤਾ ਅਤੇ ਸਵੈ-ਅਭਿਮਾਨ ਨਾਲ ਰਹਿਣ ਦਾ ਅਧਾਰ ਹੋਵੇਗੀ, ਨਹੀਂ ਤਾਂ ਅਛੂਤ, ਆਦਿ ਵਾਸੀ ਅਤੇ ਪਛੜੀਆਂ ਜਾਤੀਆਂ ਦੇ ਕਮਜ਼ੋਰ ਵਰਗ ਆਪ ਹੀ ਉਚੇ ਵਰਨਾਂ ਅਤੇ ਉੱਚੇ ਵਰਗਾਂ ਦੇ ਭੈੜੇ ਵਰਤਾਉ ਅਤੇ ਅਤਿਆਚਾਰ ਦਾ ਸ਼ਿਕਾਰ ਬਣੇ ਰਹਿਣਗੇ।

ਸਿੱਖ ਧਰਮ ਵਿਚ ਸ਼ਾਮਲ ਹੋਣ ਤੇ ਵਿਅਕਤੀ ਵਿਚ ਜੋ ਸਵੈ-ਅਭਿਮਾਨ ਅਤੇ ਲਗਨ ਪੈਦਾ ਹੁੰਦੀ ਹੈ ਉਹ ਗਿਣਤੀ ਵਿਚ ਬਹੁਤ ਘੱਟ ਹੁੰਦੇ ਹੋਏ ਵੀ ਸਿੱਖਾਂ ਨੇ ਭਾਰਤ ਵਿਚ ਜੋ ਹੌਸਲਾ ਦਿਖਾਇਆ ਹੈ, ਜਿਵੇਂ ਕੁਰਬਾਨੀਆਂ ਕਰਕੇ ਸੁਤੰਤ੍ਰਤਾ ਪ੍ਰਾਪਤ ਕੀਤੀ ਹੈ ਅਤੇ ਸ਼ਾਂਤਮਈ ਰਹਿੰਦਿਆਂ ਜੰਗ ਜੁੱਧ ਲੜੇ ਤੇ ਦੇਸ਼ ਭਗਤੀ ਦਿਖਾਈ ਹੈ, ਕੀ ਉਹ ਇਸ ਗੱਲ ਦਾ ਪ੍ਰਮਾਣ ਨਹੀਂ ਹੈ ਕਿ ਸਿੱਖ ਧਰਮ ਸਵੈ-ਅਭਿਮਾਨ ਅਤੇ ਇੱਜ਼ਤ ਨਾਲ ਰਹਿਣ ਲਈ ਸੱਚੀ ਸਿਖਿਆ ਦਿੰਦਾ ਹੈ।

ਭਾਰਤੀ ਸੈਨਾਂ ਵਲੋਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਉੱਤੇ ਹਮਲਾ ਅਤੇ ਉਸ ਦਾ ਨਤੀਜਾ ਵੀ ਤੁਸੀਂ ਦੇਖ ਲਿਆ ਹੈ। ਸਾਰੇ ਭਾਰਤ 'ਚ ਸਿੱਖ ਪ੍ਰਭਾਵਿਤ ਕੀਤੇ ਗਏ, ਜਿਉਂਦੇ ਸਾੜੇ ਗਏ, ਗੋਲੀਆਂ ਨਾਲ ਭੁੰਨੇ ਗਏ, ਉਹਨਾਂ ਦੀਆਂ ਚਲ ਤੇ ਅਚਲ ਜਾਇਦਾਦਾਂ ਲੁੱਟੀਆਂ ਗਈਆਂ ਅਤੇ ਨਸ਼ਟ ਕੀਤੀਆਂ ਗਈਆਂ, ਲੇਕਿਨ ਸਿੱਖਾਂ ਨੂੰ ਕਿਸੇ ਨੇ ਭਾਰਤ ਵਿੱਚ ਰੋਂਦਿਆਂ ਹੋਇਆਂ ਨਹੀਂ ਦੇਖਿਆ। ਉਹਨਾਂ ਨੇ ਹੌਂਸਲੇ ਨਾਲ ਹਰ ਸਥਿਤੀ ਦਾ ਮੁਕਾਬਲਾ ਕੀਤਾ ਅਤੇ ਅੱਜ ਭੀ ਹਰ ਪ੍ਰਸਥਿਤੀ ਦਾ ਮੁਕਾਬਲਾ ਕਰ ਰਹੇ ਹਨ। ਇਸ ਲਈ ਮੈਂ ਅਛੂਤਾਂ, ਆਦਿ ਵਾਸੀਆਂ ਅਤੇ ਪਛੜੀਆਂ ਜਾਤੀਆਂ ਦੇ ਕਮਜ਼ੋਰ ਵਰਗਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਉਪਰੋਕਤ ਸਚਾਈਆਂ ਉਤੇ ਵਿਚਾਰ ਕਰਕੇ ਭਾਰਤ ਵਰਸ਼ ਵਿਚ ਆਤਮ - ਸਵੈਮਾਨ ਅਤੇ ਇੱਜ਼ਤ ਦੇ ਨਾਲ ਜੀਵਤ ਰਹਿਣ ਲਈ ਸਿੱਖ ਬਣਨ।

ਸਿੱਖ ਬਣਨ 'ਤੇ ਛੋਟੀਆਂ ਜਾਤੀਆਂ ਵਿਚ ਆਤਮ ਸਵੈਮਾਨ ਦੀ ਭਾਵਨਾ ਜਾਗੇਗੀ। ਜੋ ਭਾਰਤ ਦੇ ਸਾਰੇ ਸੰਤਾਂ, ਮੁਨੀਆਂ ਅਤੇ ਸਮਾਜ ਸੁਧਾਰਕਾਂ ਦਾ ਲਕਸ਼ ਰਿਹਾ ਹੈ। ਕਬੀਰ, ਨਾਨਕ, ਰਵਿਦਾਸ, ਦਾਦੂ ਤੁਕਾ ਰਾਮ ਆਦਿ ਸਾਰੇ ਸੰਤ, ਸਵਾਮੀ ਦਇਆ ਨੰਦ, ਵਿਵੇਕਾ ਨੰਦ, ਡਾਕਟਰ ਅੰਬੇਦਕਰ ਅਤੇ ਰਾਮ ਮਨਹੋਰ ਲੋਹੀਆ ਆਦਿ ਮੁਨੀ ਤੇ ਸਮਾਜ ਸੁਧਾਰਕ ਸਾਰੇ ਇਸ ਵਿਚਾਰ ਦੇ ਸਨ ਕਿ ਭਾਰਤ ਵਿਚ ਛੋਟੇ ਸਮਝੇ ਜਾਣ ਵਾਲੇ ਅਛੂਤ ਆਦਿ ਵਾਸੀ ਅਤੇ ਪਛੜੀਆਂ ਜਾਤੀਆਂ ਦੇ ਕਮਜ਼ੋਰ ਵਰਗਾਂ ਵਿਚ ਸਵੈ ਅਭਿਮਾਨ ਜਾਗੇ ਅਤੇ ਉਹ ਭਾਰਤ ਵਿਚ ਇੱਜ਼ਤ ਨਾਲ ਜਿੰਦਗੀ ਗੁਜਾਰਨ।

ਮੈਂ ਇਹ ਸਭ ਇਸ ਲਈ ਕਹਿ ਰਿਹਾ ਹਾਂ ਕਿਉਂਕਿ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਗੁਰੂਆਂ ਦੇ ਨਿਰਦੇਸ਼ ਨਾਲ ਪੰਜਾਬ ਵਿਚ ਸਿੱਖ ਸਮੁਦਾਇ ਵਿਚ ਜੋ ਸਮਾਜਿਕ ਸਮਾਨਤਾ ਅਤੇ ਆਤਮ ਵਿਸ਼ਵਾਸ ਦਾ ਭਾਵ ਪੈਦਾ ਹੋਇਆ ਹੈ ਉਹ ਹੋਰ ਇਲਾਕਿਆਂ ਵਿਚ ਵੀ ਹੋ ਸਕਦਾ ਹੈ ਡਾਕਟਰ ਰਾਮ ਮਨੋਹਰ ਲੋਹੀਆ ਕਹਿਆ ਕਰਦੇ ਸਨ ਕਿ ਜਿਸ ਦਿਨ ਸਮਾਜ ਵਿਚ ਇਕ ਥਾਂ ਬੈਠ ਕੇ ਭੋਜਨ ਕਰਨ ਤੇ ਬੈਠਣ ਦਾ ਅਭਿਆਸ ਹੋਣਾ ਸ਼ੁਰੂ ਹੋ ਜਾਏਗਾ, ਉਸ ਦਿਨ ਭਾਰਤ ਬਹੁਤ ਹੀ ਸ਼ਕਤੀਸ਼ਾਲੀ ਦੇਸ਼ ਹੋਵੇਗਾ। ਆਜ਼ਾਦੀ ਦੇ ਬਾਅਦ ਚਾਲੀ ਸਾਲਾਂ ਤੋਂ ਵੀ ਜ਼ਿਆਦਾ ਦੇ ਅਨੁਭਵ ਨੇ ਸਿਖਾ ਦਿੱਤਾ ਹੈ ਕਿ ਭਾਰਤ ਦੇ ਉਚੇ ਵਰਗ ਅਤੇ ਉਚੇ ਵਰਗਾਂ ਦੇ ਲੋਕ, ਧਰਮ ਅਤੇ ਜਾਤੀ ਨੂੰ ਅਧਾਰ ਬਣਾ ਕੇ ਹਿੰਦੂ ਸਮਾਜ ਵਿਚ ਵਿਆਪਕ ਭੇਦ ਭਾਵ ਦੀ ਨੀਤੀ ਦਾ ਪਾਲਨ ਕਰਦੇ ਹੋਏ ਆਪਣੀ ਸ਼ੋਸ਼ਨ, ਭੈੜੇ ਵਰਤਾਉ, ਅਤਿਆਚਾਰ ਦੀ ਆਦਤ ਨਹੀਂ ਛੱਡਣਗੇ ਲੇਕਿਨ ਸਿੱਖ ਸਮੁਦਾਏ ਵਿਚ ਆਉਣ 'ਤੇ ਸਾਰੇ ਅਛੂਤ, ਆਦਿ ਵਾਸੀ ਅਤੇ ਪਛੜੀਆਂ ਜਾਤੀਆਂ ਦੇ ਕਮਜ਼ੋਰ ਵਰਗਾਂ ਦੇ ਲੋਕ ਗੁਰਦਵਾਰਿਆਂ ਵਿਚ ਲੰਗਰ ਦੀ ਪਰੰਪਰਾ ਦੇ ਅਨੁਸਾਰ ਇਕ ਸਾਥ ਬੈਠਕੇ ਬਿਨਾਂ ਕਿਸੇ ਭੇਦ ਭਾਵ ਦੇ ਨਾਲ ਸਹਿਯੋਗ ਵਿਚ ਸ਼ਾਮਲ ਹੋਣਗੇ ਇਕ ਸੰਗਤ ਪੰਗਤ ਵਿਚ ਪ੍ਰਸ਼ਾਦ ਛਕਣਗੇ ਅਤੇ ਇਕ ਸਾਥ ਬੈਠਕੇ ਆਪਣੇ ਭਵਿਸ਼ ਦੇ ਸਬੰਧਾਂ ਬਾਰੇ ਵਿਚਾਰ ਵੀ ਕਰਨਗੇ ਇਸ ਤਰ੍ਹਾਂ ਲੋਹੀਆ ਜੀ ਦੇ ਸ਼ਬਦਾਂ ਵਿਚ ਭਾਰਤ ਦੀ ਅਦੁਤੀ ਏਕਤਾ ਅਤੇ ਸਮਾਜਿਕ ਮੇਲ ਸਿਧ ਹੋਵਗਾ। ਇਸ ਤਰ੍ਹਾਂ ਇਹ ਮਹਾਨ ਸੇਵਾ ਹੈ, ਅਗਰ ਪੰਜਾਬ ਦੇ ਬਾਹਰ ਅਛੂਤਾਂ, ਆਦਿ ਵਾਸੀਆਂ ਅਤੇ ਪਛੜੀਆਂ ਜਾਤੀਆਂ ਦੇ ਨਾਲ ਸਬੰਧਤ ਸਿੱਖਾਂ ਦੀ ਅਬਾਦੀ ੧੫-੨੦ ਕਰੋੜ ਹੋਵੇਗੀ ਤਾਂ ਜ਼ਿਥੇ ਉਹ ਆਪਣੇ ਆਪ ਵਿਚ ਇਕ ਸ਼ਕਤੀ ਹੋਣਗੇ, ਉਥੇ ਦੇਸ਼ ਵਿਚ ਸਮਾਜਿਕ ਬਰਾਬਰੀ ਦਾ ਵਾਤਾਵਰਨ ਮਜਬੂਤ ਹੋਵੇਗਾ। ੧੫-੨੦ ਕਰੋੜ ਸੰਖਿਆ

ਵਿਚ ਨਵੇਂ ਸਿੱਖ, ਰਾਸ਼ਟਰੀ ਏਕਤਾ ਦੀ ਸਭ ਤੋਂ ਵੱਡੀ ਧਿਰ ਹੋਵੇਗੀ। ਸਾਰੇ ਭਾਰਤ ਵਿਚ ਸਿੱਖ ਗੁਰੂਆਂ, ਸੰਤਾਂ ਅਤੇ ਸਮਾਜ ਸੁਧਾਰਕਾਂ ਦੇ ਹੁਕਮ ਦੇ ਅਨੁਸਾਰ ਸਮਾਜਿਕ ਨਿਰਮਾਣ ਤੇ ਰਾਜਨੀਤੀ ਦਾ ਵਰਤਾਰਾ ਹੋਵੇਗਾ।

ਇਸ ਤੋਂ ਇਲਾਵਾ ਇਹ ਅੱਛੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਸਿੱਖ ਧਰਮ ਇਕ ਤਰ੍ਹਾਂ ਨਾਲ ਅਛੂਤਾਂ, ਆਦਿ ਵਾਸੀਆਂ ਅਤੇ ਪਛੜੀਆਂ ਜਾਤੀਆਂ ਦਾ ਹੀ ਧਰਮ ਹੈ। ਲਗ-ਭਗ ਇਕ ਹਜ਼ਾਰ ਸਾਲ ਤੋਂ ਜਦੋਂ ਤੋਂ ਬੁੱਧ ਧਰਮ ਦਾ ਪਤਨ ਹੋਇਆ, ਭਾਰਤ ਵਿਚ ਛੋਟੀਆਂ ਛੋਟੀਆਂ ਜਾਤਾਂ ਵਿਚ ਐਸੇ ਸੰਤਾਂ ਦੀ ਉਤਪਤੀ ਹੋਈ ਜਿਹਨਾਂ ਨੇ ਮਨੁੱਖ, ਮਨੁੱਖ ਵਿਚ ਭੇਦ-ਭਾਵ ਦਾ ਖੰਡਨ ਕੀਤਾ ਅਤੇ ਸਮਾਜਕ ਸਮਾਨਤਾ ਨੂੰ ਪ੍ਰਮੁਖਤਾ ਦਿੱਤੀ। ਸ਼ੂਦਰ ਸੰਤਾਂ ਦੀ ਉਦਾਰ ਵਿਚਾਰਧਾਰਾ ਦਾ ਪ੍ਰਯੋਗ ਪੰਜਾਬ ਵਿਚ ਭਰਪੂਰ ਹੋਇਆ। ਲਗ-ਭਗ ੫੦੦ ਸਾਲ ਤੋਂ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ, ਸਾਰਿਆਂ ਨੇ ਸ਼ੂਦਰ ਜ਼ਾਤੀ ਨਾਲ ਸਬੰਧਤ ਵਰਗਾਂ ਦੀ ਬਾਨੀ ਦੇ ਅਧਾਰ 'ਤੇ ਇਕ ਸਮੂਹਕ ਜੀਵਨ ਦਾ ਪ੍ਰਯੋਗ ਕੀਤਾ ਜੋ ਸਿੱਖ ਸਮੁਦਾਏ ਦੇ ਰੂਪ ਵਿਚ ਵੇਖਿਆ ਗਿਆ।

ਗੁਰੂ ਗ੍ਰੰਥ ਸਾਹਿਬ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਸੰਪਾਦਿਤ ਕੀਤਾ ਗੁਰੂਆਂ ਦੀ ਬਾਣੀ ਤੋਂ ਇਲਾਵਾ, ਸ਼ੂਦਰਾਂ ਵਿਚ ਪੈਦਾ ਹੋਏ ਜ਼ਿਆਦਾਤਰ ਸੰਤਾਂ ਦੀਆਂ ਬਾਨੀਆਂ ਦਾ ਵੀ ਸੰਗ੍ਰਹਿ ਹੈ। ਦੂਸਰੇ ਸ਼ਬਦਾਂ ਵਿਚ ਅਗਰ ਕਹਿਆ ਜਾਵੇ ਕਿ ਗੁਰੂ ਗ੍ਰੰਥ ਸਾਹਿਬ ਭਾਰਤ ਦੇ ਬਹੁਜਨ, ਜਿਹਨਾਂ ਨੂੰ ਬਲਕਿ ਅਛੂਤ, ਪਿਛੜਾ ਵਰਗ ਅਤੇ ਆਦਿ ਵਾਸੀ ਕਿਹਾ ਜਾਂਦਾ ਹੈ, ਦੇ ਬਜੁਰਗ ਸ਼ੂਦਰ ਸੰਤਾਂ ਦੀਆਂ ਬਾਣੀਆਂ ਦਾ ਸੰਗ੍ਰਹਿ ਹੈ ਤਾਂ ਅਤਿ ਕਥਨੀ ਨਹੀਂ ਹੋਵੇਗੀ। ਗੁਰੂ ਗ੍ਰੰਥ ਸਾਹਿਬ ਵਿਚ ਫਰੀਦ, ਨਾਨਕ, ਕਬੀਰ, ਰਵਿਦਾਸ, ਨਾਮਦੇਵ, ਧੰਨਾ, ਪੀਪਾ, ਸੈਣ ਆਦਿ ਸੰਤਾਂ ਦੀਆਂ ਬਾਣੀਆਂ ਹਨ। ਇਹਨਾਂ ਬਾਣੀਆਂ ਦੇ ਅਧਾਰ 'ਤੇ ੫੦੦ ਸਾਲ ਦੇ ਸਮੂਹਿਕ ਜੀਵਨ ਦਾ ਜੋ ਪ੍ਰਯੋਗ ਹੋਇਆ ਹੈ, ਉਹ ਹੀ ਸਿੱਖ ਧਰਮ ਹੈ।

ਅੱਜ ਜਿਸ ਤਰ੍ਹਾਂ ਦਾ ਸਕਰਾਂਤੀ ਕਾਲ ਹੈ ਅਤੇ ਦੇਸ਼ ਦਾ ਸ਼ੂਦਰ ਵਰਗ ਹਿੰਦੂ ਧਰਮ ਵਿਚ ਵਿਆਪਕ ਭੇਦ ਭਾਵ ਤੋਂ ਅੱਕ ਕੇ ਧਰਮ ਬਦਲਣ ਲਈ ਉਤਾਵਲਾ ਜਿਹਾ ਹੈ। ਇਸ ਤਰ੍ਹਾਂ ਸੈਂਕੜੇ ਸਾਲ ਪਹਿਲਾਂ ਜਦੋਂ ਛੋਟੀ ਜਾਤੀ ਦੇ ਲੋਕ ਉਸ ਸਮੇਂ ਦੇ ਹਕੂਮਤ ਕਰਨ ਵਾਲਿਆਂ ਦੇ ਅਤਿਆਚਾਰਾਂ ਅਤੇ ਹਿੰਦੂ ਧਰਮ ਵਿਚੋਂ ਤੰਗ ਦਿਲੀ, ਜਾਤੀਗਤ ਭੇਦ-ਭਾਵਾਂ ਤੋਂ ਪਰੇਸ਼ਾਨ ਹੋ ਕੇ ਅਸਹਿ ਹੋ ਰਹੇ ਸਨ ਉਦੋਂ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਸਾਰਿਆਂ, ਦਸਾਂ ਗੁਰੂਆਂ, ਨੇ ਸਮਾਜਿਕ ਸਮਾਨਤਾ ਦਾ ਗੁਣ ਆਪਣੇ ਜੀਵਨ ਵਿਚ

ਅਪਣਾ ਕੇ ਛੋਟੀਆਂ ਜਾਤੀਆਂ ਦੇ ਲੋਕਾਂ ਨੂੰ ਗਲੇ ਲਗਾਇਆ ਸੀ।

ਹਿੰਦੂ ਧਰਮ ਵਿਚ ਸਾਰਿਆਂ ਤੋਂ ਨੀਚੀ ਜਾਤੀ ਦੇ ਸਮਝੇ ਜਾਂਦੇ ਲੋਕ ਵੀ ਸਿੱਖ ਧਰਮ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਸਭ ਤੋਂ ਉੱਚੇ ਪੁਜਾਰੀ ਹੋ ਸਕਦੇ ਹਨ। ਅੱਜ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਈ ਸਰਵ ਸ੍ਰੇਸ਼ਟ ਪੁਜਾਰੀ ਦਲਿਤ ਵਰਗ ਦੇ ਨਾਲ ਸਬੰਧਿਤ ਲੋਕ ਸਨ ਜਿਹਨਾਂ ਦੇ ਆਦੇਸ਼ ਨਾਲ ਬੜੇ ਬੜੇ ਧੰਨਵਾਨਾਂ ਅਤਿ ਸ਼ਕਤੀਸ਼ਾਲੀ ਨੇਤਾਵਾਂ ਨੂੰ ਵੀ ਭਾਂਡੇ ਧੋਣੇ ਪਏ। ਜੁੱਤੀਆਂ ਸਾਫ ਕਰਨੀਆਂ ਪਈਆਂ ਤੇ ਹੋਰ ਕਈ ਧਾਰਮਿਕ ਦੰਡਾਂ ਨੂੰ ਭੁਗਤਾਨ ਲਈ ਮਜਬੂਰ ਹੋਣਾ ਪਿਆ। ਹਿੰਦੂ ਧਰਮ ਵਿਚ ਅਛੂਤ ਅਤੇ ਛੋਟੀ ਜਾਤੀ ਦਾ ਕੋਈ ਵੀ ਵਿਅਕਤੀ ਭਾਵੇਂ ਉਹ ਕਿੰਨਾ ਵੀ ਯੋਗ ਤੇ ਵਿਦਵਾਨ ਕਿਉਂ ਨਾ ਹੋਵੇ ਉਸ ਨੂੰ ਧਾਰਮਕ ਅਧਿਕਾਰ ਨਹੀਂ ਪ੍ਰਾਪਤ ਹੁੰਦੇ। ਉਹ ਅਛੂਤ ਅਤੇ ਛੋਟੀ ਜਾਤੀ ਦਾ ਹੀ ਰਹੇਗਾ। ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਿਚ ਪੰਜਾਹ ਪ੍ਰਤੀਸ਼ਤ ਤੋਂ ਜ਼ਿਆਦਾ ਮੈਂਬਰ ਪਿਛੜੇ ਵਰਗਾਂ ਦੇ ਲੋਕ ਹਨ। ਗੁਰਦੁਆਰਿਆਂ ਵਿਚ ਖਾਣ ਪੀਣ ਉੱਠਣ ਅਤੇ ਬੈਠਣ ਵਿਚ ਕੋਈ ਭੇਦ-ਭਾਵ ਨਹੀਂ ਹੈ।

ਗੁਰੂ ਨਾਨਕ ਦੇਵ ਨੇ ਆਪਣੀ ਅਵਾਜ਼ ਵਿਚ ੫੦੦ ਸਾਲ ਪਹਿਲਾਂ ਘੋਸ਼ਣਾ ਕੀਤੀ ਸੀ ਕਿ

"ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ ॥" (ਪੰਨਾ ੧੫)

ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ "ਨੀਚ ਜਾਤੀਆਂ ਦੇ ਅੰਦਰ ਜੋ ਸਭ ਤੋਂ ਅਧਿਕ ਨੀਚ ਹੈ, ਮੈਂ ਉਹਨਾਂ ਦੇ ਸਾਥ ਹਾਂ, ਵੱਡੇ ਆਦਮੀਆਂ ਨਾਲ ਮੇਰਾ ਕੋਈ ਮਤਲਬ ਨਹੀਂ ਹੈ।" ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੀ ਉੱਚਤਾ ਅਤੇ ਨੀਚਤਾ ਦਾ ਮਾਪ ਦੰਡ ਮਨੁੱਖ ਦੇ ਕਰਮਾਂ ਕਰਕੇ ਦੱਸਿਆ ਹੈ, ਮਨੁੱਖ ਦੀ ਜਾਤ ਨਹੀਂ ਹੈ। ਉਹਨਾਂ ਘੋਸ਼ਣਾ ਕੀਤੀ:

"ਜਾਤਿ ਜਨਮੁ ਨਹ ਪੂਛੀਐ, ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ, ਜੇਹੇ ਕਰਮ ਕਮਾਇ ॥ (੧੩੩੦)

ਉਹਨਾਂ ਨੇ ਕਿਹਾ ਕਿ ਜਾਤ ਪਾਤ ਪੁੱਛਣਾ ਫਜ਼ੂਲ ਹੈ। ਮਨੁੱਖ ਦੇ ਚੰਗੇ ਤੇ ਭੈੜੇ ਕਰਮ ਹੀ ਮਨੁੱਖ ਦੀ ਉੱਚਤਾ ਤੇ ਨੀਚਤਾ ਦੇ ਅਧਾਰ ਹਨ।

ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇ ਸ਼ਾਸਕਾਂ ਦੇ ਖਿਲਾਫ ਵੀ ਆਪਣੀ ਅਵਾਜ਼ ਉਠਾਈ ਤੇ ਉਹਨਾਂ ਨੇ ਉੱਚੀ ਅਵਾਜ਼ ਵਿਚ ਕਿਹਾ ਸੀ ਕਿ "ਰਾਜੇ ਸੀਹ ਮੁਕਦਮ ਕੁਤੇ"

ਅਰਥਾਤ ਰਾਜੇ ਸ਼ੇਰ ਹਨ ਜੋ ਲੋਕਾਂ ਨੂੰ ਖਾ ਰਹੇ ਹਨ। ਉਹਨਾਂ ਦੇ ਨੌਕਰ ਉਹਨਾਂ ਦੇ ਪਿੱਛੇ ਪੂਛਲ ਹਿਲਾਉਣ ਵਾਲੇ ਕੁੱਤੇ ਦੀ ਤਰ੍ਹਾਂ ਹਨ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਬਾਬਰ ਨੇ ਭਾਰਤ 'ਤੇ ਹਮਲਾ ਕੀਤਾ ਅਤੇ ਉਸ ਤੋਂ ਪਹਿਲਾਂ ਵੀ ਭਾਰਤ ਦੇ ਸ਼ਾਸ਼ਕ ਜਨਤਾਂ ਉੱਤੇ ਕਹਿਰ ਢਾਹ ਰਹੇ ਸਨ। ਹਿੰਦੂ ਸਮਾਜ ਦੀਆਂ ਛੋਟੀਆਂ ਜਾਤੀਆਂ ਦੋਹਰੀ ਮਾਰ ਨਾਲ ਪਰੇਸ਼ਾਨ ਸਨ। ਇਕ ਹੋਰ ਉਸ ਸਮੇਂ ਦੇ ਸ਼ਾਸ਼ਕ ਅਛੂਤਾਂ ਅਤੇ ਪਛੜੇ ਵਰਗਾਂ ਉੱਤੇ ਜੋ ਪਹਿਲਾਂ ਮਜਦੂਰ ਤੇ ਕਿਸਾਨ ਸਨ ਭਿਆਨਕ ਅਤਿਆਚਾਰ ਕਰ ਰਹੇ ਸੀ, ਤਾਂ ਦੂਸਰੇ ਪਾਸੇ ਉੱਚੇ ਵਰਨ ਤੇ ਉੱਚੇ ਵਰਗਾਂ ਦੇ ਲੋਕ ਸ਼ੂਦਰਾਂ, ਪਛੜੇ ਤੇ ਅਛੂਤਾਂ ਨੂੰ ਸਮਾਜਿਕ ਰੂਪ ਤੋਂ ਹੀਣ ਸਮਝ ਕੇ, ਉਹਨਾਂ ਦੀ ਜ਼ਿੰਦਗੀ, ਪਸ਼ੂਆਂ ਦੀ ਜ਼ਿੰਦਗੀ ਤੋਂ ਵੀ ਬਦਤਰ ਬਣਾ ਰਹੇ ਸਨ। ਭਾਰਤ ਉੱਤੇ ਬਾਬਰ ਦੇ ਹਮਲੇ ਅਤੇ ਹਮਲੇ ਦੇ ਕਾਰਨ ਭਾਰਤੀ ਜਨਤਾ ਦੀ ਦੁਰਦਸ਼ਾ ਨੇ ਗੁਰੂ ਨਾਨਕ ਦੇਵ ਜੀ ਦੇ ਹਿਰਦੇ ਨੂੰ ਹਿਲਾ ਦਿੱਤਾ ਸੀ, ਤਾਂ ਹੀ ਉਹਨਾਂ ਦੇ ਹਿਰਦੇ ਵਿਚ ਹਿੰਦੂ ਧਰਮ ਵਿਚ ਵਿਆਪਤ ਸਮਾਜਕ ਭੇਦ ਭਾਵ ਦੇ ਖਿਲਾਫ ਵਿਰੋਧ ਪੈਦਾ ਹੋਇਆ। ਉਹਨਾਂ ਨੇ ਜਾਤੀ ਪਾਤੀ ਦੇ ਵਿਚਾਰਾਂ ਉੱਤੇ ਸਖਤ ਚੋਟ ਮਾਰੀ ਅਤੇ ਇਸ ਤਰ੍ਹਾਂ ਮਾਨਵ ਜਾਤੀ ਦੇ ਇਕ ਹਿੱਸੇ, ਅਛੂਤਾਂ ਅਤੇ ਪਛੜੇ ਵਰਗਾਂ ਉੱਤੇ ਹੋ ਰਹੇ ਅਤਿਆਚਾਰਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ।

ਗੁਰੂ ਨਾਨਕ ਦੇਵ ਤੋਂ ਬਾਅਦ ਧਾਰਮਿਕ ਸਿਧਾਂਤਾਂ ਦੇ ਆਧਾਰ 'ਤੇ ਉਹਨਾਂ ਦੇ ਉਤਰ ਅਧਿਕਾਰੀ ਸਮਾਜਕ ਸਮਾਨਤਾ ਉੱਤੇ ਅਧਾਰਿਤ ਰਹੱਸ ਨੂੰ ਸਮਝ ਕੇ ਨਿਰਮਾਣ ਦੇ ਕੰਮਾਂ ਵਿਚ ਲੱਗੇ ਰਹੇ, ਜਿਸ ਦਾ ਨਤੀਜਾ ਇਹ ਹੋਇਆ ਕਿ ਸਿੱਖ ਗੁਰੂਆਂ ਦਾ ਪ੍ਰਭਾਵ ਪੱਛਮ ਵਿਚ ਇਰਾਨ ਤਕ ਵੱਧ ਗਿਆ। ਪ੍ਰਸਿੱਧ ਇਤਿਹਾਸਕਾਰ ਜਾਦੂਨਾਥ ਸਰਕਾਰ ਨੇ ਲਿਖਿਆ ਹੈ ਕਿ ਸਤਾਰਵੀਂ ਸਦੀ ਵਿਚ ਸਿੱਖ ਆਪਣੇ ਭਾਈਚਾਰੇ ਦੀ ਭਾਵਨਾ ਅਤੇ ਇਕ ਦੂਸਰੇ ਦੇ ਪ੍ਰਤੀ ਪ੍ਰੇਮ ਲਈ ਪ੍ਰਸਿੱਧ ਸਨ।

ਸਿੱਖ ਗੁਰੂਆਂ ਨੇ ਸਮਾਜਿਕ ਸਮਾਨਤਾ, ਮਾਨਵੀ ਸ਼ਾਨ ਅਤੇ ਧਰਮ ਦੀ ਰੱਖਿਆ ਲਈ ਜਿੰਨਾ ਤਿਆਗ ਤੇ ਬਲੀਦਾਨ ਕੀਤਾ ਹੈ ਸ਼ਾਇਦ ਹੀ ਕਿਸੇ ਨੇ ਕੀਤਾ ਹੋਵੇ ਜਦੋਂ ਸਾਰੇ ਭਾਰਤ ਵਿਚ ਨਿਰਾਸਤਾ ਦਾ ਵਾਤਾਵਰਨ ਸੀ ਰਾਜ ਕਰਨ ਵਾਲਿਆਂ ਦੇ ਅਤਿਆਚਾਰਾਂ ਤੋਂ ਜਨਤਾ ਤਰਾਹ ਤਰਾਹ ਕਰ ਰਹੀ ਸੀ। ਸਮਾਜਕ ਭੇਦ ਭਾਵ ਹਿੰਦੂ ਸਮਾਜ ਦਾ ਬਹੁਮਤ ਅਤਿ ਹੀ ਦੁਖੀ ਅਤੇ ਅਪਮਾਨਤ ਮਹਿਸੂਸ ਕਰ ਰਿਹਾ ਸੀ, ਉਸ ਸਮੇਂ ਗੁਰੂਆਂ ਨੇ ਨਜ਼ਰ ਅੰਦਾਜ ਵਰਗ ਨੂੰ ਅਪਣਾਇਆ ਉਹਨਾਂ ਵਿਚ ਸਵੈ-ਮਾਣ ਦੀ ਭਾਵਨਾ ਭਰੀ ਤੇ ਉਹਨਾਂ ਨੂੰ

ਹਥਿਆਰਬੰਦ ਸੰਘਰਸ਼ ਦੇ ਲਈ ਪਰੇਰਨਾ ਦਿੱਤੀ।

ਉਹਨਾਂ ਬਲੀਦਾਨੀ ਗੁਰੂਆਂ ਵਿਚੋਂ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੇ ਨਾਮ ਵਿਸ਼ੇਸ਼ ਰੂਪ ਵਿਚ ਵਰਣਨ ਯੋਗ ਹਨ। ਸਿੱਖ ਗੁਰੂਆਂ ਦਾ ਮਨੁੱਖ, ਮਨੁੱਖ ਦੇ ਵਿਚ ਗੈਰ ਬਰਾਬਰੀ ਵੱਲ ਵਿਦਰੋਹ ਅਤੇ ਸਮਾਜਿਕ ਬਰਾਬਰੀ ਦੇ ਵੱਲ ਪ੍ਰੇਮ ਦਾ ਪਰਤੱਖ ਸਰੂਪ ਹੈ। ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੇ ਨਿਰਮਾਣ ਵਿਚ ਯੋਗਦਾਨ ਪਾਇਆ, ਗੁਰੂ ਸਾਹਿਬ ਨੇ ਹਰਿਮੰਦਰ ਸਾਹਿਬ ਦੀ ਨੀਂਹ ਉਸ ਸਮੇਂ ਦੇ ਸੂਫੀ ਸੰਤ ਸਾਈਂ ਮੀਆਂ ਮੀਰ ਤੋਂ ਰਖਵਾਈ। ਗੁਰੂ ਅਰਜਨ ਦੇਵ ਜੀ ਵਲੋਂ ਸੰਪਾਦਤ ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ ਦੀ ਬਾਣੀਆਂ ਤੋਂ ਇਲਾਵਾ, ਸ਼ੇਖ ਫਰੀਦ, ਕਬੀਰ, ਰਵਿਦਾਸ, ਸੈਣ, ਧੰਨਾ, ਸੰਤ ਨਾਮਦੇਵ ਆਦਿ ਅਨੇਕ ਸ਼ੂਦਰ ਸੰਤਾਂ ਦੀਆਂ ਬਾਣੀਆਂ ਨੂੰ ਭੀ ਸਮਿਲਤ ਕੀਤਾ ਗਿਆ। ਇਸ ਤੋਂ ਸਪਸ਼ਟ ਹੈ ਕਿ ਸਿੱਖ ਗੁਰੂਆਂ ਦਾ ਮੁਖ ਉਦੇਸ਼ ਸਮਾਜਕ ਬਰਾਬਰੀ ਸੀ ਇਸ ਲਈ ਉਹਨਾਂ ਨੇ ਜਾਤ ਪਾਤ ਅਤੇ ਉੱਚੇ ਨੀਵੇਂ ਦੇ ਵਿਰੋਧ ਵਿਚ ਸ਼ੂਦਰ ਸੰਤਾਂ ਨੂੰ ਵੀ ਬਰਾਬਰੀ ਦਰਜਾ ਦਿੱਤਾ। ਜਦੋਂ ਗੁਰੂ ਅਰਜਨ ਦੇਵ ਜੀ ਦਾ ਪ੍ਰਭਾਵ ਲੋਕਾਂ ਦੇ ਦਿਲਾਂ ਵਿਚ ਵਧਣ ਲੱਗਿਆ ਅਤੇ ਜਨ ਸਧਾਰਨ ਵਿਚ ਸਵੈ-ਮਾਣ ਦੀ ਭਾਵਨਾ ਵਧਣ ਲੱਗੀ ਤਾਂ ਉਦੋਂ ਦੇ ਪ੍ਰਸ਼ਾਸ਼ਕਾਂ ਨੂੰ ਇਹ ਬਰਦਾਸ਼ਤ ਕਰਨ ਤੋਂ ਬਾਹਰ ਹੋ ਗਿਆ ਤੇ ਉਹਨਾਂ ਨੂੰ ਕੈਦ ਕੀਤਾ ਗਿਆ ਅਤੇ ਉਹਨਾਂ ਨੂੰ ਤੜਫਾ-ਤੜਫਾ ਕੇ ਮਾਰਨ ਦਾ ਹੁਕਮ ਦਿੱਤਾ ਗਿਆ। ਗੁਰੂ ਅਰਜਨ ਦੇਵ ਜੀ ਨੂੰ ਤਪਦੀ ਤਵੀ ਉੱਤੇ ਬਿਠਾਇਆ ਗਿਆ ਅਤੇ ਉਪਰੋਂ ਕੜਾਹੇ ਵਿਚ ਗਰਮ ਕੀਤੀ ਹੋਈ ਰੇਤ ਉਹਨਾਂ 'ਤੇ ਪਾਈ ਗਈ, ਪਰ ਗੁਰੂ ਅਰਜਨ ਦੇਵ ਜੀ ਨੇ ਮਾਨੁਖੀ (ਆਨ) ਸਮਾਜਿਕ ਬਰਾਬਰੀ ਅਤੇ ਧਰਮ ਰੱਖਿਆ ਦੇ ਨਾਮ 'ਤੇ ਇਹ ਸਾਰਾ ਕੁਝ ਬਰਦਾਸ਼ਤ ਕੀਤਾ ਅਤੇ ਆਪਣੀ ਆਤਮਾ ਦੀ ਆਨ ਨੂੰ ਕਾਇਮ ਰੱਖਦੇ ਹੋਏ ਮੌਤ ਨੂੰ ਕਬੂਲ ਕੀਤਾ।

ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਤਾਂ ਇਤਿਹਾਸ ਦੀ ਅਤੀ ਹੀ ਅਨੋਖੀ ਘਟਨਾ ਹੈ। ਇਤਿਹਾਸਕਾਰ, ਸ੍ਰੀ ਐਮ ਐਲ ਲਤੀਫ ਨੇ ''ਪੰਜਾਬ ਦੇ ਇਤਿਹਾਸ'' ਵਿਚ ਲਿਖਿਆ ਹੈ "ਸਮਰਾਟ ਔਰੰਗਜ਼ੇਬ ਨੇ ਸੈਂਕੜੇ ਬ੍ਰਾਹਮਣਾਂ ਨੂੰ ਜੇਲ੍ਹ ਵਿਚ ਇਸ ਉਮੀਦ 'ਤੇ ਰੱਖ ਦਿੱਤਾ ਸੀ ਕਿ ਇਹਨਾਂ ਬ੍ਰਾਹਮਣਾਂ ਦੇ ਇਸਲਾਮ ਗ੍ਰਹਿਣ ਕਰਨ ਤੇ ਹਿੰਦੁਸਤਾਨ ਦੇ ਹੋਰ ਲੋਕ ਭੀ ਇਸਲਾਮ-ਧਰਮ ਗ੍ਰਹਿਣ ਕਰ ਲੈਣਗੇ।

ਸੰਨ ੧੬੭੧ ਵਿਚ ਇਫਤਿਖਾਰ ਖਾਨ ਨੂੰ ਕਸ਼ਮੀਰ ਦਾ ਸੂਬੇਦਾਰ ਬਣਾਇਆ ਗਿਆ। ਉਹ ਕੱਟੜ ਤੇ ਤੰਗ ਦਿਲ ਮੁਸਲਮਾਨ ਸੀ ਉਸ ਨੇ ਕਸ਼ਮੀਰ ਦੇ ਬ੍ਰਾਹਮਣਾਂ ਨੂੰ

ਚਿਤਾਵਨੀ ਦਿੱਤੀ ਕਿ ਉਹ ਜਾਂ ਤਾਂ ਇਸਲਾਮ ਗ੍ਰਹਿਣ ਕਰ ਲੈਣ ਜਾਂ ਮੌਤ ਦੰਡ ਦੇ ਭਾਗੀ ਬਣਨ। ਸ੍ਰੀ ਪੀ. ਐਮ ਕੌਲ ਕਸ਼ਮੀਰ ਦੇ ਇਤਿਹਾਸ ਵਿਚ ਲਿਖਦੇ ਹਨ ਕਿ ਕੁਝ ਬ੍ਰਾਹਮਣ ਇੱਕਠੇ ਹੋਏ ਅਤੇ ਇਫਤਿਖਾਰ ਖਾਨ ਵਲੋਂ ਚਿਤਾਵਨੀ ਦੇ ਸਬੰਧ ਵਿਚ ਅਤਿਆਚਾਰ ਤੋਂ ਮੁਕਤੀ ਪਾਣ ਲਈ ਅਮਰਨਾਥ ਗੁਫਾ ਵਿਚ ਸ਼ਿਵ ਜੀ ਦੇ ਅਸਥਾਨ ਤਕ ਗਏ ਉਥੇ ਕਿਸੇ ਪੰਡਤ ਨੇ ਦੱਸਿਆ ਕਿ ਉਹਨਾਂ ਨੂੰ ਦਰਸ਼ਨ ਤੋਂ ਮਲੂਮ ਹੋਇਆ ਹੈ ਕਿ ਸਾਰੇ ਬ੍ਰਾਹਮਣਾਂ ਨੂੰ ਗੁਰੂ ਤੇਗ ਬਹਾਦਰ ਜੀ ਕੋਲ ਜਾਣਾ ਚਾਹੀਦਾ ਹੈ। ਪੰਜ ਸੌ ਬ੍ਰਾਹਮਣ ਗੁਰੂ ਤੇਗ ਬਹਾਦਰ ਜੀ ਨੂੰ ਮਿਲਣ ਲਈ ਅਨੰਦਪੁਰ ਸਾਹਿਬ ਗਏ।

ਉਪਰੋਕਤ ਪੰਜ ਸੌ ਬ੍ਰਾਹਮਣਾਂ ਨੇ ਕਿਰਪਾ ਰਾਮ ਨੂੰ ਆਪਣਾ ਪ੍ਰਤੀਨਿਧ ਥਾਪਿਆ, ਕਿਰਪਾ ਰਾਮ ਸਰਸਵਤ ਬ੍ਰਾਹਮਣ ਸੀ ਅਤੇ ਸ੍ਰੀ ਨਗਰ ਤੋਂ ਚਾਲੀ ਮੀਲ ਦੂਰੀ 'ਤੇ ਮਟਨ ਦਾ ਰਹਿਣ ਵਾਲਾ ਸੀ। ਸ੍ਰੀ ਪੀ. ਐਮ ਕੌਲ ਅਨੁਸਾਰ ਕਿਰਪਾ ਰਾਮ ਨੇ ਆਉਂਦਿਆਂ ਹੀ ਗੁਰੂ ਤੇਗ ਬਹਾਦਰ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ "ਅਸੀਂ ਸ਼ਰੀਰਕ ਤੇ ਅਧਿਆਤਮਕ ਦ੍ਰਿਸ਼ਟੀ ਤੋਂ ਅਸਮਰੱਥ ਹਾਂ। ਜਿਸ ਤਰ੍ਹਾਂ ਭਗਵਾਨ ਕ੍ਰਿਸ਼ਨ ਨੇ ਦਰੋਪਦੀ ਦੀ ਰੱਖਿਆ ਕੀਤੀ ਸੀ ਉਸੇ ਤਰ੍ਹਾਂ ਇਸ ਮੁਸੀਬਤ ਦੇ ਵੇਲੇ ਤੁਸੀਂ ਵੀ ਸਾਡੀ ਰੱਖਿਆ ਕਰੋ, ਕਿਰਪਾ ਰਾਮ ਦੀ ਬੇਨਤੀ ਸੁਣ ਕੇ ਗੁਰੂ ਤੇਗ ਬਹਾਦਰ ਜੀ ਗੰਭੀਰ ਹੋ ਗਏ। ਇਸ ਤਰ੍ਹਾਂ ਉਹਨਾਂ ਦੀ ਗੱਲ-ਬਾਤ ਨੂੰ ਸੁਣ ਕੇ ਬਾਲ ਗੋਬਿੰਦ ਰਾਏ ਜੀ ਨੇ, ਆਪਣੇ ਪਿਤਾ-ਗੁਰੂ ਤੇਗ ਬਹਾਦਰ ਜੀ ਤੋਂ ਪੁੱਛਿਆ ਕਿ ਇਸ ਦਾ ਉਪਾਉ ਕੀ ਹੈ? ਗੁਰੂ ਤੇਗ ਬਹਾਦਰ ਜੀ ਨੇ ਕਿਹਾ "ਕਿਸੇ ਮਹਾਨ ਵਿਅਕਤੀ ਦਾ ਬਲੀਦਾਨ" ਉਹਨਾਂ ਨੇ ਆਪਣੇ ਪਿਤਾ ਨੂੰ ਕਿਹਾ ਕਿ "ਤੁਹਾਡੇ ਤੋਂ ਮਹਾਨ ਕੌਣ ਹੋਵੇਗਾ ?'' ਆਪਣੇ ਪੁੱਤਰ ਦੀ ਇਹ ਗਲ ਸੁਣ ਕੇ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਬ੍ਰਾਹਮਣਾਂ ਦੀ ਪ੍ਰਾਰਥਨਾਂ ਉੱਤੇ ਆਪਣਾ ਬਲੀਦਾਨ ਦੇਣ ਦਾ ਨਿਸ਼ਚਾ ਕਰ ਲਿਆ ਅਤੇ ਕਸ਼ਮੀਰੀ ਬ੍ਰਾਹਮਣਾਂ ਨੂੰ ਕਿਹਾ ਕਿ ਆਪਣੇ ਸ਼ਾਸ਼ਕ ਨੂੰ ਕਹੋ ਕਿ ਜੇ ਗੁਰੂ ਤੇਗ ਬਹਾਦਰ ਧਰਮ ਪ੍ਰੀਵਰਤਨ ਕਰ ਲੈਂਦੇ ਹਨ ਤਾਂ ਕਸ਼ਮੀਰੀ ਬ੍ਰਾਹਮਣ ਵੀ ਮੁਸਲਮਾਨ ਬਣ ਜਾਣਗੇ।

ਪ੍ਰਤਾਪ ਸਰੂਪ ਗੁਰੂ ਤੇਗ ਬਹਾਦਰ ਜੀ ਨੂੰ ਦਿਲੀ ਬੁਲਾਇਆ ਗਿਆ ਤੇ ਮਨੁੱਖੀ ਆਨ ਵਿਸ਼ਵਾਸ ਦੀ ਰੱਖਿਆ ਤੇ ਕਸ਼ਮੀਰੀ ਬ੍ਰਾਹਮਣਾਂ ਨੂੰ ਦਿੱਤੇ ਗਏ ਆਪਣੇ ਬਚਨਾਂ ਨੂੰ ਪਾਲਣ ਲਈ ਗੁਰੂ ਤੇਗ ਬਹਾਦਰ ਜੀ ਨੇ ਕਈ ਤਰ੍ਹਾਂ ਦੀਆਂ ਤਕਲੀਫਾਂ ਸਹਾਰਦੇ ਹੋਏ ਮੌਤ ਨੂੰ ਅਪਣਾ ਲਿਆ।

ਗੁਰੂ ਤੇਗ ਬਹਾਦਰ ਜੀ ਨੂੰ ਇਹੋ ਜਿਹੇ ਪਿੰਜਰੇ ਵਿਚ ਰੱਖਿਆ ਗਿਆ ਜਿਸ ਵਿਚ ਨਾ ਤਾਂ ਉਹ ਖੜੇ ਹੋ ਸਕਦੇ ਸੀ ਨਾ ਲੇਟ ਸਕਦੇ ਸਨ। ਜਦੋਂ ਗੁਰੂ ਤੇਗ ਬਹਾਦਰ ਜੀ ਦਬਾ ਵਿਚ ਨਹੀਂ ਆਏ ਤਾਂ ਉਹਨਾਂ ਦੇ ਸਾਹਮਣੇ ਉਹਨਾਂ ਦੇ ਸਭ ਤੋਂ ਪਿਆਰੇ ਸਿੱਖ ਭਾਈ ਮਤੀਦਾਸ ਨੂੰ ਆਰੇ ਨਾਲ ਚੀਰਿਆ ਗਿਆ। ਇਸ ਤੋਂ ਬਾਅਦ ਦੂਸਰੇ ਪਿਆਰੇ ਸਿੱਖ ਭਾਈ ਦਿਆਲ-ਦਾਸ ਨੂੰ ਉਬਲਦੀ ਹੋਈ ਦੇਗ ਵਿਚ ਪਾ ਦਿੱਤਾ ਗਿਆ। ਭਾਈ ਮਤੀ ਦਾਸ ਨੂੰ ਰੂਈਂ ਵਿਚ ਲਪੇਟ ਕੇ ਸ਼ਹੀਦ ਕੀਤਾ ਗਿਆ। ਇਹਨਾਂ ਸਾਰੇ ਯਤਨਾਂ ਦੇ ਬਾਵਜੂਦ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸਿਰ ਨਹੀਂ ਝੁਕਾਇਆ। ਅੰਤ ਵਿਚ ਜਲਾਲੁਦੀਨ ਨੇ ਤਲਵਾਰ ਨਾਲ ਉਹਨਾਂ ਦੀ ਗਰਦਨ ਕਟ ਦਿੱਤੀ। ਦਿੱਲੀ ਵਿਚ ਜਿਥੇ ਗੁਰਦੁਆਰਾ ਸੀਸਗੰਜ ਹੈ, ਉਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਹੋਇਆ ਸੀ। ਇਸ ਬਲੀਦਾਨ ਦੇ ਬਾਅਦ ਜਨ ਸਧਾਰਨ ਵਿਚ ਆਤਮ ਵਿਸ਼ਵਾਸ ਅਤੇ ਉਤਸ਼ਾਹ ਪੈਦਾ ਹੋਇਆ।

ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਉਸ ਆਦਰਸ਼ ਨੂੰ ਜਿਸ ਵਿਚ ਉਹਨਾਂ ਨੇ ਆਪ ਨੂੰ ਨੀਚਾਂ ਦਾ ਸਾਥੀ ਅਤੇ ਹਮ ਸਫਰ ਦੱਸਿਆ ਸੀ, ਠੋਸ ਰੂਪ ਦਿੱਤਾ। ਉਹਨਾਂ ਦੇ ਦਿਲਾਂ ਵਿਚੋਂ ਹੀਨ ਭਾਵਨਾਂ ਕਢੀ ਅਤੇ ਉਹਨਾਂ ਨੂੰ ਸਵੈ-ਮਾਣ ਨਾਲ ਪੂਰੀ ਜ਼ਿੰਦਗੀ ਜਿਉਣ ਲਈ ਪ੍ਰੇਰਤ ਕੀਤਾ।

੧੬੯੯ ਨੂੰ ਵਿਸਾਖੀ ਦੇ ਦਿਨ ਜਦੋਂ ਉਹਨਾਂ ਆਨੰਦਪੁਰ ਸਾਹਿਬ ਵਿਚ ਬਲੀ ਲਈ ਪੰਜ ਸਿਰਾਂ ਦੀ ਮੰਗ ਕੀਤੀ ਤਾਂ ਪੰਜ ਸਿਰਾਂ ਵਿਚੋਂ ਚਾਰ ਆਪਣੇ ਸਿਰ ਬਲੀ ਦੇਣ ਵਾਲੇ ਛੋਟੀ ਜਾਤੀ ਦੇ ਸਨ, ਆਪਣੇ ਸਿਰਾਂ ਦੀ ਬਲੀ ਲਈ ਪੇਸ਼ ਕਰਨ ਵਾਲੇ ਪੰਜ ਪਿਆਰੇ, ਦਿੱਲੀ, ਲਾਹੌਰ, ਪੁਰੀ, ਦਵਾਰਕਾ ਤੇ ਬਿਦਰ ਦੇ ਨਿਵਾਸੀ ਸਨ, ਇਸ ਤਰ੍ਹਾਂ ਸਪਸ਼ਟ ਹੈ ਕਿ ਗੁਰੂਮਤ ਦਾ ਪ੍ਰਸਾਰ, ਉਸ ਸਮੇਂ ਜਦੋਂ ਕਿ ਅੱਜ ਕਲ੍ਹ ਵਰਗੀ ਆਵਾਜਾਈ ਦੇ ਪ੍ਰਸਾਰ ਦਾ ਕੋਈ ਸਾਧਨ ਉਪਲਬਧ ਨਹੀਂ ਸੀ, ਸਾਰੇ ਭਾਰਤ ਵਿਚ ਹੀ ਨਾਨਕ ਮਤ ਦੇ ਪ੍ਰਭਾਵ ਨਾਲ ਛੋਟੀਆਂ ਜਾਤੀਆਂ ਪ੍ਰਭਾਵਿਤ ਹੋ ਰਹੀਆਂ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਛੋਟੇ ਵਰਗਾਂ ਵਿਚ ਮਰਦਾਨਗੀ ਅਤੇ ਸਵੈ-ਮਾਣ ਦੀ ਭਾਵਨਾ ਭਰੀ ਅਤੇ ਉਹਨਾਂ ਨੂੰ ਆਪਣੇ ਅਧਿਕਾਰਾਂ ਲਈ ਲੜਨਾ ਸਿਖਾਇਆ। ਸ਼ਸਤਰਧਾਰੀ ਖਾਲਸਾ ਪੰਥ ਦਾ ਨਿਰਮਾਣ ਕੀਤਾ।

ਪਹਾੜੀ ਰਾਜਪੂਤ ਰਾਜੇ, ਜਿਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਉੱਤੇ ਕਈ ਵਾਰੀ ਹਮਲਾ ਕੀਤਾ ਸੀ, ਗੁਰੂ ਗੋਬਿੰਦ ਸਿੰਘ ਜੀ ਨੂੰ ਨਾਈਆਂ, ਚਮਾਰਾਂ, ਧੋਬੀਆਂ ਤੇ ਕਮੀਨਿਆਂ ਦਾ ਗੁਰੂ ਕਹਿੰਦੇ ਸਨ। ਇਕ ਵਾਰੀ ਹਿਮਾਚਲ ਪ੍ਰਦੇਸ਼ ਵਿਚ ਸਥਿਤ ਰਵਾਲਸਰ ਵਿਚ

ਪਹਾੜੀ ਰਾਜਿਆਂ ਦੀ ਬੈਠਕ ਹੋਈ ਅਤੇ ਉਹਨਾਂ ਨੇ ਭੀ ਗੁਰੂ ਗੋਬਿੰਦ ਸਿੰਘ ਜੀ ਦਾ ਨੇਤ੍ਰਤਵ ਗ੍ਰਹਿਣ ਕਰਕੇ ਉਸ ਸਮੇਂ ਦੇ ਸ਼ਾਸ਼ਕਾਂ ਦੇ ਖਿਲਾਫ ਸੰਘਰਸ਼ ਕਰਨ ਲਈ ਤੇ ਸਿੱਖ ਬਣਨ ਦਾ ਮਨ ਬਣਾਇਆ। ਇਕ ਸ਼ਰਤ 'ਤੇ ਨਾਲ ਕਿ ਉਹ ਛੋਟੀਆਂ ਜਾਤੀਆਂ ਦੇ ਲੋਕਾਂ ਨਾਲ ਅੰਮ੍ਰਿਤ ਪਾਨ ਨਹੀਂ ਕਰਨਗੇ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਰਤ 'ਤੇ ਇਨਕਾਰ ਕਰ ਦਿੱਤੀ ਅਤੇ ਕਿਹਾ "ਮੈਂ ਤਾਂ ਛੋਟੀਆਂ ਜਾਤੀਆਂ ਅਤੇ ਦਲਿਤਾਂ ਦੇ ਲਈ ਹੀ ਜਗਤ ਵਿਚ ਆਇਆ ਹਾਂ। ਇਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਛੋਟੀਆਂ ਜਾਤਾਂ ਦੇ ਸੰਗਠਨ ਕਰਨ ਵਾਲੇ ਦੇ ਰੂਪ ਵਿਚ, ਛੋਟੀਆਂ ਜਾਤਾਂ ਦੇ ਗੁਰੂ ਦੇ ਰੂਪ ਵਿਚ ਜਾਣੇ ਜਾਂਦੇ ਸਨ। ਪੰਡਿਤਾਂ ਨੇ ਆਪਣੇ ਜਾਤੀ ਅਭਿਮਾਨ ਕਰਕੇ ਸਿੱਖਾਂ ਨੂੰ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ । ਇਸ ਦਿੱਕਤ ਨੂੰ ਦੂਰ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਕਰਮ ਸਿੰਘ, ਭਾਈ ਗੰਡਾ ਸਿੰਘ, ਭਾਈ ਵੀਰ ਸਿੰਘ, ਭਾਈ ਸੈਣ ਸਿੰਘ, ਭਾਈ ਰਾਮ ਸਿੰਘ ਆਦਿ ਸਿੱਖਾਂ ਨੂੰ ਵਿਦਯਾ ਪ੍ਰਾਪਤੀ ਲਈ ਕਾਸ਼ੀ ਭੇਜਿਆ । ਕਈ ਸਾਲਾਂ ਤੋਂ ਬਾਅਦ ਉਹਨਾਂ ਨੇ ਉੱਚ ਵਿਦਿਆ ਪ੍ਰਾਪਤ ਕੀਤੀ ।

ਗੁਰੂਆਂ ਦੇ ਬਲੀਦਾਨਾਂ ਅਤੇ ਸਮਾਜਕ ਬਰਾਬਰੀ ਦੇ ਲਈ ਕੀਤੇ ਗਏ ਪ੍ਰਯਤਨਾਂ ਦਾ ਮਨੁੱਖ ਦੇ ਦਿਲ 'ਤੇ ਬੜਾ ਪ੍ਰਭਾਵ ਪਇਆ। ਲੋਕਾਂ ਦੇ ਮਨਾਂ ਵਿਚੋਂ ਹੀਨ ਭਾਵਨਾ ਖਤਮ ਹੋ ਗਈ, ਆਪਣੇ ਅਧਿਕਾਰਾਂ ਲਈ ਕਿੰਨੀ ਚੇਤਨਤਾ ਵਧੀ ਇਹ ਨਿਮਨ ਲਿਖਤ ਤੋਂ ਸਪਸ਼ਟ ਹੈ, ਸ੍ਰੀ ਹਰੀ ਰਾਮ ਗੁਪਤਾ ਸਿੱਖ ਇਤਿਹਾਸ ਵਿਚ ਲਿਖਦੇ ਹਨ : "ਸਿੱਖ ਵਿਸਾਖੀ ਦੇ ਉਤਸਵ ਤੇ ਅੰਮ੍ਰਿਤਸਰ ਇਕੱਠੇ ਹੋਏ ਸਨ ਇਹਨਾਂ ਵਿਚ ਇਕ ਦੰਪਤੀ ਨੇ ਸ਼ਿਕਾਇਤ ਕੀਤੀ ਕਿ ਕਸੂਰ ਦੇ ਅਫਗਾਨ ਉਸ ਦੀ ਲੜਕੀ ਦਾ ਅਪਹਰਣ ਕਰਕੇ ਲੈ ਗਏ ਹਨ।" ਇਹ ਸੁਣ ਕੇ ਪੰਜ ਮਿਸਲਾਂ ਦੇ ਸਰਦਾਰਾਂ (ਭੰਗੀ, ਰਾਮਗੜੀਆਂ, ਘਨਈਆਂ, ਸ਼ੁਕਰਚੱਕੀਆਂ ਤੇ ਨਕਈ) ਨੇ ਕਸੂਰ ਦੇ ਕਿਲ੍ਹੇ ਉਤੇ ਹਮਲਾ ਕੀਤਾ। ਸੈਂਕੜੇ ਹੀ ਸਿੱਖ ਮਾਰੇ ਗਏ, ਲੇਕਿਨ ਲੜਕੀ ਨੂੰ ਲਿਆ ਕੇ ਦੰਪਤੀ ਨੂੰ ਵਾਪਸ ਕੀਤਾ ਤੇ ਬਾਅਦ ਵਿਚ ਇਕ ਸੂਫੀ ਸੰਤ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਤਰ੍ਹਾਂ ਸਿੱਖ ਆਂਪਣੇ ਕਰਤਵ ਅਤੇ ਧਰਮ ਦੇ ਪੱਕੇ ਸਨ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਛੋਟੀ ਜਾਤੀਆਂ ਵਿਚ ਬਹੁਤ ਜ਼ਿਆਦਾ ਉਤਸ਼ਾਹ ਅਤੇ ਸਵੈ-ਮਾਣ ਦੀ ਭਾਵਨਾ ਪੈਦਾ ਹੋਈ। ਵਿਲਿਯਮ ਇਰੀਅਨ ਆਪਣੀ ਪੁਸਤਕ "ਲੈਟਰ ਮੁਗਲਜ਼" ਵਿਚ ਲਿਖਦੇ ਹਨ ਜਿਹਨਾਂ ਪ੍ਰਗਨਾਂ ਵਿਚ ਸਿੱਖਾਂ ਦਾ ਅਧਿਕਾਰ ਸੀ, ਉਥੇ ਪੁਰਾਣੀਆਂ ਮਾਨਤਾਵਾਂ ਅਤੇ ਰੀਤੀ ਰਿਵਾਜ਼ਾਂ ਦੀ ਕੀਮਤ ਨਹੀਂ ਰਹਿ ਤਗਈ। ਹਿੰਦੂ ਸਮਾਜ ਵਿਚ ਸਾਰਿਆਂ ਤੋਂ ਛੋਟੇ ਸਮਝੇ ਜਾਣ ਵਾਲੇ ਵਿਅਕਤੀ ਭੰਗੀ, ਚਮਾਰ

ਜਾਂ ਹੋਰ ਨੀਚੀ ਜਾਤਾਂ ਦੇ ਵਿਅਕਤੀ ਦੀ ਹੈਸੀਅਤ ਵਿਚ ਬੜਾ ਪ੍ਰੀਵਰਤਨ ਆ ਜਾਂਦਾ ਸੀ ਜਦੋਂ ਉਹ ਸਿੱਖ ਸੈਨਾ ਵਿਚ ਭਰਤੀ ਹੋਣ ਤੋਂ ਬਾਅਦ ਪਿੰਡ ਵਿਚ ਆਉਂਦਾ ਸੀ ਤਾਂ ਪਿੰਡ ਦੇ ਉਚੇ ਅਤੇ ਧਨੀ ਲੋਕ ਉਸ ਦੀ ਆਉ ਭਗਤ ਕਰਦੇ ਸਨ ਤੇ ਉਸ ਦੇ ਹੁਕਮਾਂ ਦੀ ਉਡੀਕ ਕਰਦੇ ਸਨ।

ਸਿੱਖ ਧਰਮ ਸ਼ੂਦਰ ਸੰਤਾਂ ਰਾਹੀਂ ਚਲਾਇਆ ਸਮਾਜਿਕ ਬਰਾਬਰੀ ਦੇ ਅਧਾਰ ਤੇ ਗੰਢੀ ਹੋਈ ਇਕ ਜੀਵਨ ਵਿਵਸਥਾ ਹੈ ਜੋ ਅੰਤ ਭਾਰਤ ਵਿਚ ਹਜ਼ਾਰਾਂ ਸਾਲਾਂ ਤੋਂ ਵਿਆਪਤ ਛੂਤ-ਛਾਤ, ਭੇਦ-ਭਾਵ ਅਤੇ ਆਪਣੇ ਆਪ ਨੂੰ ਉੱਚਾ ਸਮਝਣ ਵਾਲੇ ਤੱਤਾਂ ਦੇ ਵਿਰੋਧ ਵਿਚ ਹੈ। ਸਵਾਮੀ ਵਿਵੇਕਾਨੰਦ ਨੇ ਭੀ ਸਿੱਖ ਧਰਮ ਨੂੰ ਭਾਰਤ ਦਾ ਆਧੁਨਿਕ ਧਰਮ ਕਿਹਾ ਹੈ।

ਲੱਗਦਾ ਹੈ ਕਿ ਭਾਰਤ ਦੇ ਉਚਵਰਨ ਤੇ ਉਚਵਰਗ ਨੇ ਇਤਿਹਾਸ ਤੋਂ ਕੋਈ ਸਬਕ ਨਹੀਂ ਸਿਖਿਆ। ਕਦੀ ਭਾਰਤ ਦੀਆਂ ਸੀਮਾਵਾਂ ਵਿਸ਼ਾਲ ਸਨ ਪਰ ਜਾਤੀਗਤ ਭੇਦ ਭਾਵਾਂ ਅਤੇ ਧਾਰਮਕ ਅਤਿਆਚਾਰ ਦੇ ਕਾਰਨ ਲੋਕ ਧਰਮ ਬਦਲਦੇ ਰਹੇ। ਲੇਕਿਨ ਭਾਰਤ ਦੇ ਉਚ ਵਰਨ ਤੇ ਉਚ ਵਰਗ ਦੇ ਮਨੁੱਖ ਵਿਚ ਕੋਈ ਪ੍ਰੀਵਰਤਨ ਨਹੀਂ ਦਿਖਾਈ ਦੇਂਦਾ। ਬੰਗਲਾ ਦੇਸ਼ ਅਤੇ ਪਾਕਿਸਤਾਨ ਭਾਰਤ ਦੇ ਉਪਰੋਕਤ ਗਲਤ ਤੱਤਾਂ ਦੇ ਆਚਰਨ ਦੀ ਉਪਜ ਹੈ, ਕਰੋੜਾਂ ਲੋਕ ਮੁਸਲਮਾਨ ਬਣ ਗਏ, ਕਰੋੜਾਂ ਲੋਕ ਇਸਾਈ ਬਣ ਗਏ ਲੇਕਿਨ ਭਾਰਤ ਦੇ ਉਚੇ ਸਮਝੇ ਜਾਂਦੇ ਲੋਕਾਂ ਵਿਚ ਕੋਈ ਬਦਲਾਵ ਨਹੀਂ ਆਇਆ। ਬਚੇ ਹੋਏ ਹਿੰਦੂਆਂ ਵਿਚੋਂ ਬਹੁਤ ਗਿਣਤੀ ਵਿਚ ਹਿੰਦੂ ਅਛੂਤ, ਆਦਿ ਵਾਸੀ ਅਤੇ ਪਿਛੜਾ ਵਰਗ ਅੱਜ ਵੀ ਜਾਤੀ ਪਾਤੀ ਅਤੇ ਭੇਦ ਭਾਵ ਦੀ ਚੱਕੀ ਵਿਚ ਪੀਸਿਆ ਜਾ ਰਿਹਾ ਹੈ ਅਤੇ ਅੱਜ ਵੀ ਉਹਨਾਂ ਉਤੇ ਅਨੇਕਾਂ ਜ਼ੁਲਮ ਢਾਏ ਜਾ ਰਹੇ ਹਨ।

ਐਸੀ ਹਾਲਤ ਵਿਚ ਭਾਰਤ ਦੇ ਪਛੜੇ ਵਰਗਾਂ (ਅਛੂਤਾਂ, ਆਦਿ ਵਾਸੀਆਂ ਅਤੇ ਪਛੜੀਆਂ ਜਾਤੀਆਂ ਦੇ ਕਮਜ਼ੋਰ ਵਰਗ) ਵੱਲ ਮੇਰੀ ਬੇਨਤੀ ਹੈ ਕਿ ਤੁਸੀਂ ਲੋਕ ਆਪਣੇ ਭਵਿਸ਼ ਦੇ ਬਾਰੇ ਫਿਰ ਵਿਚਾਰ ਕਰੋ, ਅਗਰ ਧਰਮ ਪ੍ਰੀਵਰਤਨ ਕਰਨਾ ਹੀ ਹੈ ਤਾਂ ਸਿੱਖ ਧਰਮ ਨੂੰ ਹੀ ਗ੍ਰਹਿਣ ਕਰੋ, ਕਿਉਂਕਿ

੧. ਸਿੱਖ ਹੋਣ 'ਤੇ ਸੰਵਿਧਾਨ ਵਿਚ ਬਰਾਬਰੀ ਮਿਲਦੀ ਹੈ।

੨ ਸਿੱਖ ਧਰਮ ਤੁਹਾਡੇ ਬਜੁਰਗਾਂ, ਸ਼ੂਦਰ ਜਾਤੀ ਅਤੇ ਸਬੰਧਤ ਸੰਤਾਂ-ਭਗਤਾਂ ਦੀਆਂ ਬਾਣੀਆਂ ਦੇ ਅਧਾਰ 'ਤੇ ਸੰਗਠਤ ਸਮਾਜਿਕ ਬਰਾਬਰੀ ਵਾਲਾ ਧਰਮ ਹੈ। ਜੋ ਇਕ ਤਰ੍ਹਾਂ ਨਾਲ ਤੁਹਾਡਾ ਆਪਣਾ ਹੀ ਧਰਮ ਹੈ।

੩. ਸਿੱਖ ਹੋਣ 'ਤੇ ਸੰਵਿਧਾਨ ਵਿਚ ਅਛੂਤਾਂ, ਆਦਿ ਵਾਸੀਆਂ ਅਤੇ ਪਛੜੇ ਵਰਗਾਂ ਨੂੰ ਮਿਲਣ ਵਾਲੀਆਂ ਸਾਰੀਆਂ ਸੁਵਿਧਾਵਾਂ, ਸਰਕਾਰੀ ਨੌਕਰੀਆਂ ਵਿਚ ਰਾਖਵੀਆਂ ਸੀਟਾਂ, ਸ਼ਿਖਸ਼ਾ ਨਾਤੇ ਸਬੰਧਤ ਤੇ ਹੋਰ ਸਵਿਧਾਵਾਂ ਪ੍ਰਾਪਤ ਹੁੰਦੀਆਂ ਰਹਿਣਗੀਆਂ।

੪. ਭਾਰਤ ਦੇ ਹਿੰਦੀ ਇਲਾਕਿਆਂ ਵਿਚ ਅਗਰ ਕਰੋੜਾਂ ਦੀ ਸੰਖਿਆ ਵਿਚ ਅਛੂਤ, ਆਦਿ ਵਾਸੀ ਅਤੇ ਪਛੜੀ ਜਾਤੀ ਦੇ ਕਮਜ਼ੋਰ ਵਰਗਾਂ ਦੇ ਲੋਕ ਸਿੱਖ ਬਣ ਜਾਣਗੇ ਤਾਂ ਉਹ ਅਤਿਆਚਾਰਾਂ ਦਾ ਮੁਕਾਬਲਾ ਕਰਨ ਲਈ ਸਮਰੱਥ ਤੇ ਸਮਾਜਿਕ ਬਰਾਬਰੀ ਲਈ ਸ਼ਸਤਰਧਾਰੀ ਸਮੁਦਾਏ ਦੇ ਅੰਗ ਹੋਣਗੇ ਇਸ ਤਰ੍ਹਾਂ ਦਾ ਸ਼ਕਤੀਸ਼ਾਲੀ ਸਮੁਦਾਏ ਉਚੇ ਵਰਨਾਂ ਅਤੇ ਉਚੇ ਵਰਗਾਂ ਨੂੰ ਸਮਾਜਿਕ ਮੇਲ-ਜੋਲ ਦੇ ਲਈ ਮਜਬੂਰ ਵੀ ਕਰੇਗਾ ।

**************


* ਗਿਆਨੀ ਸਰੂਪ ਸਿੰਘ ਕੜਿਆਣਾ * ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)
ਗਿਆਨੀ ਸਰੂਪ ਸਿੰਘ ਕੜਿਆਣਾ ★ ਪੰਥਕ ਢਾਡੀ ਜੱਥਾ 98150-03075 ★ ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ ॥

(ਸ੍ਰੀ ਗੁਰੂ ਨਾਨਕ ਦੇਵ ਜੀ)

ਇਨ ਗ੍ਰੀਬ ਸਿੰਘਨ ਕੌ ਦਯੈ ਪਤਿਸ਼ਾਹੀ।
ਏ ਯਾਦ ਰਖੈਂ ਹਮਰੀ ਗੁਰਿਆਈ।

(ਭਾਈ ਰਤਨ ਸਿੰਘ ਭੰਗੂ)


Winston Churchill's Account of
ANGLO-SIKH WARS
&
ITS IN-SIDE TALE
Sri Amritsar
ਮਾਸਟਰ ਤਾਰਾ ਸਿੰਘ ਜੀ
ਦੇ ਲੇਖ-2
ੴ ਸਤਿਗੁਰ ਪ੍ਰਸਾਦਿ ॥
ਸਿੱਖ ਨੈਤਿਕਚਾਰ
ਅਤੇ
ਸਮਾਜਿਕ ਆਰਥਕ ਵਿਕਾਸ
ਬਲਵਿੰਦਰ ਪਾਲ ਸਿੰਘ
ਧਰਮ ਪ੍ਰਚਾਰ ਕਮੇਟੀ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।